@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika

Punjabi National Daily

NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 2 August 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 2 ਅਗਸਤ 2024, 18 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 267, qpatrika@gmail.com ਫੋਨ : 9971359517 www.qaumipatrika.org

‘ਆਫਤ ਨੂੰ ਲੈ ਕੇ ਹਫਤੇ ਪਹਿਲਾਂ ਦਿੱਤੀ ਚਿਤਾਵਨੀ ਕੇਰਲ ਸਰਕਾਰ ਨੇ ਕੀਤੀ ਨਜਰਅੰਦਾਜ: ਅਮਿਤ ਸ਼ਾਹ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 1 ਅਗਸਤ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਰਾਜ ਸਭਾ ਨੂੰ ਦੱਸਿਆ ਕਿ ਕੇਰਲ ਸਰਕਾਰ ਨੂੰ ਵਾਇਨਾਡ ਹਾਦਸੇ ਤੋਂ ਇਕ ਹਫਤਾ ਪਹਿਲਾਂ 23 ਜੁਲਾਈ ਨੂੰ ਮੋਹਲੇਧਾਰ ਮੀਂਹ ਅਤੇ ਜਮੀਨ ਖਿਸਕਣ ਦੀ ਪਹਿਲਾਂ ਹੀ ਚਿਤਾਵਨੀ ਦਿੱਤੀ ਗਈ ਸੀ ਪਰ ਜਰੂਰੀ ਕਾਰਵਾਈ ਨਹੀਂ ਕੀਤੀ ਗਈ। ਅਮਿਤ ਸ਼ਾਹ ਨੇ ਸਦਨ ‘ਚ ਕੇਰਲ ਦੇ ਵਾਇਨਾਡ ਜਿ?ਲ੍ਹੇ ‘ਚ ਵਿਨਾਸਕਾਰੀ ਜਮੀਨ ਖਿਸਕਣ ਤੋਂ ਪੈਦਾ ਹੋਈ ਸਥਿਤੀ ਦੇ ਸਬੰਧ ‘ਚ ਸਦਨ ‘ਚ ਧਿਆਨ ਦੇਣ ਦੇ ਪ੍ਰਸਤਾਵ ‘ਤੇ ਚਰਚਾ ‘ਚ ਦਖਲ ਦਿੰਦੇ ਹੋਏ ਕਿਹਾ ਕਿ ਇਹ ਦੋਸਾਂ ਅਤੇ ਜਵਾਬੀ ਦੋਸਾਂ ਦਾ ਸਮਾਂ ਨਹੀਂ ਹੈ ਅਤੇ ਸੰਕਟ ਦੀ ਇਸ ਘੜੀ ‘ਚ ਕੇਂਦਰ ਸਰਕਾਰ ਕੇਰਲ ਸਰਕਾਰ ਅਤੇ ਉੱਥੋਂ ਦੇ ਲੋਕਾਂ ਨਾਲ ਇਕਜੁਟ ਹੈ। ਚਰਚਾ ‘ਚ ਹਿੱਸਾ ਲੈਣ ਵਾਲੇ ਮੈਂਬਰਾਂ ਵਲੋਂ ਵਾਰ-ਵਾਰ ਚਿਤਾਵਨੀ ਪ੍ਰਣਾਲੀ ‘ਤੇ ਸਵਾਲ ਚੁੱਕੇ ਜਾਣ ਦਾ ਜਿ?ਕਰ ਕੀਤੇ ਜਾਣ ‘ਤੇ ਸਾਹ ਨੇ ਕਿਹਾ ਕਿ ਸਾਲ 2016 ਤੋਂ ਮੋਹਲੇਧਾਰ ਮੀਂਹ, ਲੂ, ਤੂਫਾਨ ਅਤੇ ਬਿਜਲੀ ਡਿੱਗਣ ਵਰਗੀਆਂ ਆਫਤਾਂ ਲਈ ਆਧੁਨਿਕ ਚਿਤਾਵਨੀ ਪ੍ਰਣਾਲੀ ਹੈ। ਇਸ ਪ੍ਰਣਾਲੀ ਤੋਂ ਮਿਲੀ

ਜਾਣਕਾਰੀ ਦੇ ਆਧਾਰ ‘ਤੇ ਇਕ ਹਫਤੇ ਪਹਿਲਾਂ ਚਿਤਾਵਨੀ ਭੇਜੀ ਜਾਂਦੀ ਹੈ ਅਤੇ ਕੇਰਲ ਦੇ ਮਾਮਲੇ ‘ਚ ਵੀ ਸਭ ਤੋਂ ਪਹਿਲੇ 23 ਜੁਲਾਈ ਅਤੇ ਇਸ ਤੋਂ ਬਾਅਦ 25 ਅਤੇ 26 ਜੁਲਾਈ ਨੂੰ ਵੀ ਪਹਿਲਾਂ ਹੀ ਚਿਤਾਵਨੀ ਸੂਬਾ ਸਰਕਾਰ ਨੂੰ ਭੇਜੀ ਗਈ, ਜਿਸ ‘ਚ ਮੋਹਲੇਧਾਰ ਮੀਂਹ ਅਤੇ ਜਮੀਨ ਖਿਸਕਣ ਦੀ ਚਿਤਾਵਨੀ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਕਈ ਸੂਬਿਆਂ ਨੇ ਇਨ੍ਹਾਂ ਚਿਤਾਵਨੀਆਂ ‘ਤੇ ਕਾਰਵਾਈ ਕਰ ਕੇ ਜਾਨ-ਮਾਲ ਦੇ ਨੁਕਸਾਨ ਨੂੰ ਬਹੁਤ ਘੱਟ ਕਰ ਕੇ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਅਤੇ ਓਡੀਸ਼ਾ ਇਸ ਦਾ ਉਦਾਹਰਣ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਪ੍ਰਣਾਲੀ ਲਈ 2 ਹਜਾਰ ਕਰੋੜ ਰੁਪਏ ਖਰਚ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਸੂਚਨਾ ਇਕ ਹਫਤੇ ਪਹਿਲੇ ਭੇਜੀ ਜਾਂਦੀ ਹੈ। ਇਸ ਨੂੰ ਮੌਸਮ ਵਿਭਾਗ ਦੀ ਸਾਈਟ ‘ਤੇ ਵੀ ਅਪਲੋਡ ਕੀਤਾ ਜਾਂਦਾ ਹੈ, ਜਿਸ ਨਾਲ ਕਿ ਚੌਕਸ ਹੋ ਜਾਣ। ਮੈਂਬਰਾਂ ਦੇ ਰੌਲੇ ਦਰਮਿਆਨ ਉਨ੍ਹਾਂ ਕਿਹਾ ਕਿ ਇਸ ਮਾਮਲੇ ‘ਚ ਰਾਜਨੀਤੀ ਨਹੀਂ ਕੀਤੀ ਜਾਣੀ ਚਾਹੀਦੀ। ਕੇਂਦਰ ਸਰਕਾਰ ਨੇ ਪਹਿਲਾਂ ਦਿੱਤੀ ਚਿਤਾਵਨੀ ਨੂੰ ਦੇਖਦੇ ਹੋਏ ਕੇਰਲ ‘ਚ ਰਾਸ਼ਟਰੀ ਆਫਤ ਰਿਸਪਾਂਸ ਫੋਰਸ (ਐੱਨ.ਡੀ.ਆਰ.ਐੱਫ.) ਦੀਆਂ 9 ਟੀਮਾਂ 23 ਜੁਲਾਈ ਨੂੰ ਹੀ ਉੱਥੇ ਭੇਜੀਆਂ ਸਨ।

ਆਪਣੀ ਹੀ ਸਰਕਾਰ ਤੋਂ ਨਾਰਾਜ ਹੋਏ ਅਜੀਤ ਪਵਾਰ

ਮੁੰਬਈ 1 ਅਗਸਤਮਹਾਰਾਸਟਰ ਦੇ ਉਪ ਮੁੱਖ ਮੰਤਰੀ ਅਤੇ ਰਾਸਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) ਦੇ ਮੁਖੀ ਅਜੀਤ ਪਵਾਰ ਆਪਣੀ ਹੀ ਸਰਕਾਰ ਤੋਂ ਨਾਰਾਜ ਹੋ ਗਏ ਹਨ। ਉਨ੍ਹਾਂ ਨੇ ਮੁੱਖ ਮੰਤਰੀ ਏਕਨਾਥ ਸਿ?ਦੇ ਨੂੰ ਗੱਠਜੋੜ ਧਰਮ ਨਿਭਾਉਣ ਦੀ ਸਲਾਹ ਦਿੱਤੀ ਹੈ ਅਤੇ ਯਾਦ ਦਿਵਾਇਆ ਹੈ ਕਿ

ਉਨ੍ਹਾਂ ਦੀ ਪਾਰਟੀ ਵੀ ਉਨ੍ਹਾਂ ਦੀ ਸਰਕਾਰ ’ਚ ਭਾਈਵਾਲ ਹੈ। ਦਰਅਸਲ, ਇਕ ਕਾਰ ਮੈਨੂਫੈਕਚਰਿੰਗ ਪ੍ਰਾਜੈਕਟ ਲਈ ਟੋਇਟਾ ਕਿਰਲੋਸਕਰ ਅਤੇ ਮਹਾਰਾਸਟਰ ਸਰਕਾਰ ਵਿਚਕਾਰ ਐੱਮ. ਓ. ਯੂ. ’ਤੇ ਦਸਤਖਤ ਹੋਣੇ ਸਨ ਪਰ ਦਸਤਖਤ ਪ੍ਰੋਗਰਾਮ ’ਚ ਉਪ ਮੁੱਖ ਮੰਤਰੀ ਅਜੀਤ ਪਵਾਰ ਨੂੰ ਸੱਦਾ ਨਹੀਂ ਦਿੱਤਾ ਗਿਆ। ਇਸ ਤੋਂ ਪਵਾਰ ਨਾਰਾਜ ਹੋ ਗਏ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਏਕਨਾਥ ਸਿ?ਦੇ ਨੂੰ ਫੋਨ ਕਰ ਕੇ ਆਪਣੀ ਨਾਰਾਜਗੀ ਜਾਹਿਰ ਕੀਤੀ। ਇਸ ਸਮਾਗਮ ’ਚ ਸੂਬੇ ਦੇ ਉਦਯੋਗ ਮੰਤਰੀ ਉਦੈ ਸਾਮੰਤ ਨੂੰ ਵੀ ਸੱਦਾ ਨਹੀਂ ਦਿੱਤਾ ਗਿਆ। ਸਾਮੰਤ ਵੀ ਐੱਨ. ਸੀ. ਪੀ. ਦੇ ਨੇਤਾ ਹਨ। ਹਸਤਾਖਰ ਸਮਾਰੋਹ ਮਾਲਾਬਾਰ ਹਿੱਲ ਸਥਿਤ ਸਟੇਟ ਗੈਸਟ ਹਾਊਸ ਸਹਿਯਾਦਰੀ ਵਿਖੇ ਹੋਇਆ।

ਚੰਨੀ ਨੇ ਅਨੁਰਾਗ ਠਾਕੁਰ ਦੀ ਟਿੱਪਣੀ ਮਾਮਲੇ ‘ਚ ਪ੍ਰਧਾਨ ਮੰਤਰੀ ਖਿਲਾਫ ‘ਵਿਸ਼ੇਸ਼ ਅਧਿਕਾਰ ਹਨਨ’ ਦਾ ਦਿੱਤਾ ਨੋਟਿਸ

ਨਵੀਂ ਦਿੱਲੀ 1 ਅਗਸਤ। ਕਾਂਗਰਸ ਆਗੂ ਚਰਨਜੀਤ ਸਿੰਘ ਚੰਨੀ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਅਨੁਰਾਗ ਠਾਕੁਰ ਦੀ ਟਿੱਪਣੀ ਦੇ ਮਾਮਲੇ ‘ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿ?ਲਾਫ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਵਿਸ਼ੇਸ਼ ਅਧਿਕਾਰ ਹਨਨ ਦਾ ਨੋਟਿਸ ਦਿੱਤਾ। ਪੰਜਾਬ ਦੇ ਜਲੰਧਰ ਤੋਂ ਲੋਕ ਸਭਾ ਮੈਂਬਰ ਚੰਨੀ ਨੇ ਇਸ ਨੋਟਿਸ ‘ਚ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਠਾਕੁਰ ਦੇ ਭਾਸ਼ਣ ਦੇ ਉਸ ਅੰਸ਼ ਵਾਲਾ ਵੀਡੀਓ ਸੋਸ਼ਲ ਮੀਡੀਆ ਮੰਚ ‘ਐਕਸ’ ‘ਤੇ ਸਾਂਝਾ ਕੀਤਾ, ਜਿਨ੍ਹਾਂ ਨੂੰ ਸਦਨ ਦੀ ਕਾਰਵਾਈ ਤੋਂ ਹਟਾ ਦਿੱਤਾ ਗਿਆ ਸੀ। ਉਨ੍ਹਾਂ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਕਦਮ ਸਦਨ ਦੇ ਵਿਸ਼ੇਸ਼ ਅਧਿਕਾਰ ਦਾ ਹਨਨ ਹੈ। ਚੰਨੀ ਨੇ ਲੋਕ ਸਭਾ ਸਪੀਕਰ ਨੂੰ ਦਿੱਤੇ ਨੋਟਿਸ ‘ਚ ਕਿਹਾ,“ਮੈਂ ਤੁਹਾਨੂੰ ਅੀਲ ਕਰਦਾ ਹਾਂ ਕਿ ਤੁਸੀਂ ਮੇਰਾ ਪ੍ਰਸਤਾਵ ਸਵੀਕਾਰ ਕਰੋ ਅਤੇ ਇਸ ਨੂੰ ਸਦਨ ‘ਚ ਲਿਆਉਣ ਦੀ

ਮਨਜੂਰੀ ਦਿਓ। ਮੇਰੀ ਇਹ ਅਪੀਲ ਵੀ ਹੈ ਕਿ ਪ੍ਰਧਾਨ ਮੰਤਰੀ ਖਿ?ਲਾਫ ਵਿਸ਼ੇਸ਼ ਅਧਿਕਾਰ ਹਨਨ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ।“ ਠਾਕੁਰ ਨੇ ਮੰਗਲਵਾਰ ਨੂੰ ਲੋਕ ਸਭਾ ‘ਚ ਬਜਟ ‘ਤੇ ਚਰਚਾ ‘ਚ ਹਿੱਸਾ ਲੈਂਦੇ ਹੋਏ ਜਾਤੀ ਜਨਗਣਨਾ ਦੀ ਮੰਗ ਨੂੰ ਲੈ ਕੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ‘ਤੇ ਤਿੱਖੇ ਹਮਲੇ ਕੀਤੇ ਸਨ। ਆਪਣੇ ਭਾਸ਼ਣ ਦੌਰਾਨ ਉਨ੍ਹਾਂ ਕਿਹਾ ਸੀ,“ਜਿਸ ਦੀ ਜਾਤੀ ਦਾ ਪਤਾ ਨਹੀਂ, ਉਹ ਗਣਨਾ ਦੀ ਗੱਲ ਕਰਦਾ ਹੈ।“ ਕਾਂਗਰਸ ਮੈਂਬਰਾਂ ਨੇ ਇਸ ਨੂੰ ਲੈ ਕੇ ਡੂੰਘੀ ਨਾਰਾਜਗੀ ਜਤਾਈ ਅਤੇ ਸਦਨ ‘ਚ ਹੰਗਾਮਾ ਹੋਇਆ। ਰਾਹੁਲ ਗਾਂਧੀ ਨੇ ਕਹਿਾ ਕਿ ਸਾਬਕਾ ਕੇਂਦਰੀ ਮੰਤਰੀ ਨੇ ਉਨ੍ਹਾਂ ਦਾ ਅਪਮਾਨ ਕੀਤਾ ਹੈ। ਠਾਕੁਰ ਦੀ ਇਹ ਟਿੱਪਣੀ ਅਜੇ ਵੀ ਕਾਰਵਾਈ ਦਾ ਹਿੱਸਾ ਹੈ, ਹਾਲਾਂਕਿ ਉਨ੍ਹਾਂ ਦੇ ਭਾਸ਼ਣ ਦੇ ਕੁਝ ਹੋਰ ਅੰਸ਼ ਹਟਾ ਦਿੱਤੇ ਗਏ ਹਨ। ਪ੍ਰਧਾਨ ਮੰਤਰੀ ਨੇ ਮੋਦੀ ਨੇ ਲੋਕ ਸਭਾ ‘ਚ ਦਿੱਤੇ ਗਏ ਅਨੁਰਾਗ ਠਾਕੁਰ ਦੇ ਇਸ ਭਾਸ਼ਣ ਦੀ ਮੰਗਲਵਾਰ ਦੀ ਸ਼ਲਾਘਾ ਕੀਤੀ ਸੀ ਅਤੇ ਕਿਹਾ ਸੀ ਇਸ ਨੂੰ ਜਰੂਰ ਸੁਣਿਆ ਜਾਣਾ ਚਾਹੀਦਾ।

ਲੋਕਾਂ ਨੂੰ ਜਬਰਨ ਬੇਦਖਲ ਕਰਨ ਅਤੇ ਘਰਾਂ ਨੂੰ ਤੋੜਨ ਦੇ ਮਾਮਲੇ ‘ਚ ਆਜਮ ਖਾਨ ਬਰੀ

ਰਾਮਪੁਰ 1 ਅਗਸਤ। ਉੱਤਰ ਪ੍ਰਦੇਸ਼ ਦੇ ਰਾਮਪੁਰ ‘ਚ ਇਕ ਅਦਾਲਤ ਨੇ ਇੱਥੇ ਡੂੰਗਰਪੁਰ ਇਲਾਕੇ ‘ਚ ਲੋਕਾਂ ਨੂੰ ਉਨ੍ਹਾਂ ਦੀ ਜਮੀਨ ਤੋਂ ਜਬਰਨ ਬੇਦਖਲ ਕਰਨ ਅਤੇ ਘਰਾਂ ਨੂੰ ਤੋੜ ਦੇ 5 ਸਾਲ ਪੁਰਾਣੇ ਮਾਮਲੇ ‘ਚ ਸਮਾਜਵਾਦੀ ਪਾਰਟੀ (ਸਪਾ) ਆਗੂ ਆਜਮ ਖਾਨ ਨੂੰ ਬੁੱਧਵਾਰ ਨੂੰ ਬਰੀ ਕਰ ਦਿੱਤਾ। ਸੂਬੇ ‘ਚ ਭਾਜਪਾ ਦੇ ਸੱਤਾ ‘ਚ ਆਉਣ ਤੋਂ ਬਾਅਦ ਖਾਨ ਅਤੇ 5 ਹੋਰ ਲੋਕਾਂ ਖਿ?ਲਾਫ ਸਾਲ 2019 ‘ਚ ਮੁਕੱਦਮਾ ਦਰਜ ਕੀਤਾ ਗਿਆ ਸੀ। ਆਜਮ ਖਾਨ ‘ਤੇ ਦੋਸ਼ ਸੀ ਕਿ ਉਨ੍ਹਾਂ ਨੇ ਲੋਕਾਂ ਨੂੰ ਉਨ੍ਹਾਂ ਦੇ ਘਰੋਂ ਬੇਦਖਲ ਕੀਤਾ ਅਤੇ ਮਕਾਨਾਂ ਨੂੰ ਢਾਹੁਣ ਦਾ ਕੰਮ ਕੀਤਾ। ਹਾਲਾਂਕਿ ਅਦਾਲਤ ਤੋਂ ਰਾਹਤ ਮਿਲਣ ਦੇ ਬਾਵਜੂਦ ਖਾਨ ਸੀਤਾਪੁਰ ਜੇਲ੍ਹ ‘ਚ ਹੀ ਰਹਿਣਗੇ। ਆਜਮ ਖਾਨ ਕਈ ਹੋਰ ਮੁਕੱਦਮਿਆਂ ਦੇ ਸਿਲਸਿਲੇ ‘ਚ ਜੇਲ੍ਹ ‘ਚ ਬੰਦ ਹਨ।

ਭਾਜਪਾ ਨੇ ਖੜਕਾਇਆ ਸੰਘ ਦੇ ਦਿੱਗਜ ਸੁਰੇਸ਼ ਸੋਨੀ ਦਾ ਦਰਵਾਜਾ

ਨਵੀਂ ਦਿੱਲੀ 1 ਅਗਸਤ। ਰਿਪੋਰਟਾਂ ਦੀ ਮੰਨੀਏ ਤਾਂ ਭਾਜਪਾ ਲੀਡਰਸਿ?ਪ ਨੂੰ ਅਹਿਸਾਸ ਹੋ ਗਿਆ ਹੈ ਕਿ ਆਰ. ਐੱਸ. ਐੱਸ. ਤੋਂ ਬਿਨਾਂ ਉਹ ‘ਨਵੀਂ ਕਾਂਗਰਸ’ ਬਣ ਜਾਵੇਗੀ। ਜੇ ਆਰ. ਐੱਸ. ਐੱਸ. ਹਰ ਜਿ?ਲੇ ਅਤੇ ਕਸਬੇ ’ਚੋਂ ਆਪਣੇ ਵਰਕਰਾਂ ਨੂੰ ਵਾਪਸ ਲੈ ਲੈਂਦਾ ਹੈ ਤਾਂ ਭਾਜਪਾ ਕੋਲ ਦੂਜੀਆਂ ਪਾਰਟੀਆਂ ਤੋਂ ਆਏ ਦਲ-ਬਦਲੂ ਹੀ ਰਹਿ ਜਾਣਗੇ। ਖਬਰ ਹੈ ਕਿ ਉਸ ਨੇ ਸਮੱਸਿਆ ਦਾ ਹੱਲ ਕੱਢਣ ਲਈ ਆਰ. ਐੱਸ. ਐੱਸ. ਦੇ ਦਿੱਗਜ ਨੇਤਾ ਸੁਰੇਸ ਸੋਨੀ ਦਾ ਦਰਵਾਜਾ ਖੜਕਾਇਆ ਹੈ। ਸੋਨੀ ਦਾ ਆਰ. ਐੱਸ. ਐੱਸ. ’ਚ ਬਹੁਤ ਸਤਿਕਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੇ ਗੁਜਰਾਤ ’ਚ ਬਹੁਤ ਕੰਮ ਕੀਤਾ ਹੈ। ਮੋਦੀ ਨੂੰ ਗੁਜਰਾਤ ਤੋਂ ਦਿੱਲੀ ਲਿਆਉਣ ’ਚ ਉਨ੍ਹਾਂ ਦਾ ਬਹੁਤ ਯੋਗਦਾਨ ਰਿਹਾ ਹੈ। ਆਰ. ਐੱਸ. ਐੱਸ. ਲੀਡਰਸਿ?ਪ ਨੇ ਭਾਜਪਾ ਲੀਡਰਸਿ?ਪ ਨੂੰ ਸਪੱਸਟ ਕਰ ਦਿੱਤਾ ਹੈ ਕਿ ਉਹ ਪ੍ਰੌਕਸੀ ਜਾਂ ਕਿਸੇ ਹੋਰ ਤਰੀਕੇ ਨਾਲ ਸਰਕਾਰ ਚਲਾਉਣ ’ਚ ਦਿਲਚਸਪੀ ਨਹੀਂ ਰੱਖਦੀ। ਹਾਲਾਂਕਿ ਸੰਘ ਨੇ ਕਿਹਾ ਹੈ ਕਿ ਨਵੇਂ ਪਾਰਟੀ ਪ੍ਰਧਾਨ ਦੀ ਨਿਯੁਕਤੀ ਤੋਂ ਪਹਿਲਾਂ ਭਾਜਪਾ ਉਸ ਤੋਂ ਸਲਾਹ ਲਵੇ। ਨਵਾਂ ਪ੍ਰਧਾਨ ਇਕ ਸਮਰਪਿਤ ਆਰ. ਐੱਸ. ਐੱਸ. ਵਰਕਰ ਹੋਣਾ ਚਾਹੀਦਾ ਹੈ। ਭਾਜਪਾ ਨੇ ਜਵਾਬ ਦਿੱਤਾ ਕਿ ਬਜਟ ਸੈਸਨ ਕਾਰਨ ਸਮਾਂ ਘੱਟ ਹੈ ਅਤੇ ਵਿਧਾਨ ਸਭਾ ਚੋਣਾਂ ਵੀ ਨੇੜੇ ਹਨ ਅਤੇ ਇਸ ਦੇ ਲਈ ਸਮਾਂ ਚਾਹੀਦਾ ਹੈ। ਇਸ ਦਰਮਿਆਨ ਕਈ ਨਾਂ ਸਾਹਮਣੇ ਆਏ ਹਨ, ਜਿਨ੍ਹਾਂ ’ਚ ਮਹਾਰਾਸਟਰ ਤੋਂ ਭਾਜਪਾ ਦੇ ਜਨਰਲ ਸਕੱਤਰ ਵਿਨੋਦ ਤਾਵੜੇ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਅਤੇ ਸਿ?ਵਰਾਜ ਸਿੰਘ ਚੌਹਾਨ ਸ਼ਾਮਲ ਹਨ ਪਰ ਭਾਜਪਾ ਲੀਡਰਸਿ?ਪ ਨੇ ਸੁਝਾਅ ਦਿੱਤਾ ਕਿ ਨੱਡਾ ਨੂੰ ਜਨਵਰੀ, 2025 ਤੱਕ ਪਾਰਟੀ ਅਹੁਦੇ ’ਤੇ ਬਣੇ ਰਹਿਣ ਦਿੱਤਾ ਜਾਵੇ। ਹਾਲਾਂਕਿ, ਆਰ. ਐੱਸ. ਐੱਸ. ਸਰਕਾਰਿਆਵਾਹ ਦੱਤਾਤ੍ਰੇਅ ਹੋਸਬੋਲੇ, ਜੋ ਕਿ ਲੜੀ ’ਚ ਦੂਜੇ ਨੰਬਰ ’ਤੇ ਹਨ, ਇਨ੍ਹੀਂ ਦਿਨੀਂ ਦਿੱਲੀ ’ਚ ਹਨ। ਆਰ. ਐੱਸ. ਐੱਸ. ਦੇ ਸੰਯੁਕਤ ਜਨਰਲ ਸਕੱਤਰ ਅਰੁਣ ਕੁਮਾਰ ਭਾਜਪਾ ਨਾਲ ਤਾਲਮੇਲ ਦਾ ਕੰਮ ਦੇਖਦੇ ਹਨ ਪਰ ਇਸ ਸੰਕਟ ਨੂੰ ਸੁਰੇਸ ਸੋਨੀ ਨੇ ਸੰਭਾਲਿਆ ਹੈ।

ਮੋਦੀ ਸਰਕਾਰ ਨੇ ਚੋਣਾਂ ਦੇ ਝਟਕਿਆਂ ਤੋਂ ਕੋਈ ਸਬਕ ਨਹੀਂ ਲਿਆ: ਸੋਨੀਆ ਗਾਂਧੀ

ਏਜੰਸੀਆਂ

ਨਵੀਂ ਦਿੱਲੀ 1 ਅਗਸਤ। ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਭਾਜਪਾ ਅਤੇ ਰਾਸ਼ਟਰੀ ਸਵੈ-ਸੇਵਕ ਸੰਘ () ‘ਤੇ ਤਿੱਖਾ ਸ਼ਬਦੀ ਵਾਰ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਲੋਕ ਸਭਾ ਚੋਣਾਂ ਵਿਚ ਲੱਗੇ ਝਟਕਿਆਂ ਤੋਂ ਸਬਕ ਲੈਣ ਦੀ ਬਜਾਏ ਅੱਜ ਵੀ ਵੰਡ ਅਤੇ ਡਰ ਫੈਲਾਉਣ ਦੀ ਆਪਣੀ ਨੀਤੀ ‘ਤੇ ਕਾਇਮ ਹੈ। ਉਨ੍ਹਾਂ ਨੇ ਕਾਂਗਰਸ ਸੰਸਦੀ ਦਲ ਦੀ ਬੈਠਕ ਵਿਚ ਪਾਰਟੀ ਨੇਤਾਵਾਂ ਨੂੰ ਇਹ ਅਪੀਲ ਵੀ ਕੀਤੀ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਮਗਰੋਂ ਮਾਹੌਲ ਪਾਰਟੀ ਦੇ ਪੱਖ ਵਿਚ ਹੈ ਪਰ ਕਿਸੇ ਨੂੰ ਅਸੰਤੁਸਟ ਅਤੇ ਜਿ?ਆਦਾ ਆਤਮਵਿਸਵਾਸ ਨਹੀਂ ਹੋਣਾ ਚਾਹੀਦਾ ਅਤੇ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਸੀ. ਪੀ. ਪੀ. ਦੀ ਬੈਠਕ ਦੀ ਸ਼ੁਰੂਆਤ ਵਿਚ ਕੇਰਲ ਦੇ ਵਾਇਨਾਡ ਵਿਚ ਕੱਲ ਮੰਗਲਵਾਰ ਨੂੰ ਤੜਕੇ ਹੋਈ ਜਮੀਨ ਖਿਸਕਣ ਦੀ ਘਟਨਾ ਵਿਚ ਮਾਰੇ ਗਏ ਲੋਕਾਂ ਅਤੇ ਦਿੱਲੀ ਦੇ ਇਕ ਕੋਚਿੰਗ ਸੰਸਥਾ ਵਿਚ ਮੀਂਹ ਦੇ ਪਾਣੀ ਵਿਚ ਡੁੱਬਣ ਕਾਰਨ ਜਾਨ ਗੁਆਉਣ ਵਾਲੇ ਤਿੰਨ ਵਿਦਿਆਰਥੀਆਂ ਦੇ ਸਨਮਾਨ ਵਿਚ ਕੁਝ ਦੇਰ ਮੌਨ ਰੱਖਿਆ ਗਿਆ। ਸੰਸਦੀ ਦਲ ਦੇ ਮੁਖੀ ਦੇ ਤੌਰ ‘ਤੇ ਦਿੱਤੇ ਗਏ ਆਪਣੇ ਭਾਸ਼ਣ ਵਿਚ ਸੋਨੀਆ ਗਾਂਧੀ ਨੇ ਮੋਦੀ ਸਰਕਾਰ, ਭਾਜਪਾ ਅਤੇ ‘ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਸਾਨੂੰ ਲੱਗਦਾ ਸੀ ਕਿ ਮੋਦੀ ਸਰਕਾਰ ਲੋਕ ਸਭਾ ਚੋਣਾਂ ਵਿਚ ਲੱਗੇ ਵੱਡੇ ਝਟਕੇ ਤੋਂ ਸਹੀ ਸਬਕ ਲਵੇਗੀ। ਇਸ ਦੀ ਬਜਾਏ ਉਹ ਭਾਈਚਾਰਿਆਂ ਨੂੰ ਵੰਡਣ, ਡਰ ਅਤੇ ਦੁਸਮਣੀ ਫੈਲਾਉਣ ਦੀ ਆਪਣੀ

ਨੀਤੀ ਜਾਰੀ ਰੱਖਦੀ ਹੈ। ਸੋਨੀਆ ਗਾਂਧੀ ਨੇ ਉੱਤਰ ਪ੍ਰਦੇਸ਼ ਵਿਚ ਕਾਂਵੜ ਯਾਤਰਾ ਦੇ ਮਾਰਗ ਵਿਚ ਦੁਕਾਨਦਾਰਾਂ ਦੇ ਨਾਂ ਪ੍ਰਦਰਸ਼ਿਤ ਕਰਨ ਦੇ ਸ਼ਾਸਨਾਦੇਸ਼ ਨਾਲ ਜੁੜੇ ਵਿਵਾਦ ਦਾ ਅਸਿੱਧੇ ਤੌਰ ‘ਤੇ ਜਿ?ਕਰ ਕਰਦਿਆਂ ਉਨ੍ਹਾਂ ਕਿਹਾ ਕਿ ਖੁਸਕਿਸਮਤੀ ਨਾਲ ਸੁਪਰੀਮ ਕੋਰਟ ਨੇ ਸਹੀ ਸਮੇਂ ‘ਤੇ ਦਖਲ ਦਿੱਤਾ ਪਰ ਇਸ ਨਾਲ ਆਰਜੀ ਰਾਹਤ ਹੀ ਮਿਲ ਸਕਦੀ ਹੈ। ਸੋਨੀਆ ਗਾਂਧੀ ਨੇ ਮਹਾਰਾਸ਼ਟਰ, ਹਰਿਆਣਾ ਅਤੇ ਝਾਰਖੰਡ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਅਤੇ ਜੰਮੂ-ਕਸ਼ਮੀਰ ਵਿਚ ਵੀ ਵਿਧਾਨ ਸਭਾ ਚੋਣਾਂ ਦੀ ਸੰਭਾਵਨਾ ਦੇ ਮੱਦੇਨਜਰ ਪਾਰਟੀ ਨੇਤਾਵਾਂ ਵਿਚ ਜੋਸ਼ ਭਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਕੁਝ ਮਹੀਨਿਆਂ ਵਿਚ ਚਾਰ ਸੂਬਿਆਂ ‘ਚ ਚੋਣਾਂ ਹੋਣੀਆਂ ਹਨ। ਸਾਨੂੰ ਲੋਕ ਸਭਾ ਚੋਣਾਂ ਵਿਚ ਪੈਦਾ ਹੋਈ ਸਥਿਤੀ

13 ਸਾਲ ਦੇ ਭਰਾ ਨੇ ਅਸ਼ਲੀਲ ਵੀਡੀਓ ਦੇਖ 9 ਸਾਲਾ ਭੈਣ ਨਾਲ ਕੀਤਾ ਰੇਪ, ਫਿਰ ਉਤਾਰਿਆ ਮੌਤ ਦੇ ਘਾਟ

ਗੀਵਾ 1 ਅਗਸਤ। ਮੱਧ ਪ੍ਰਦੇਸ਼ ਦੇ ਗੀਵਾ ਤੋਂ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਾਵਾ ਇਲਾਕੇ 'ਚ 13 ਸਾਲਾ ਨਾਬਾਲਗ ਭਰਾ ਨੇ ਆਪਣੀ 9 ਸਾਲਾ ਭੈਣ ਨਾਲ ਜਬਰ ਜ਼ਿਨਾਹ ਕੀਤਾ ਅਤੇ ਫਿਰ ਉਸ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਇਸ ਪੂਰੀ ਘਟਨਾ 'ਚ ਮੁੰਡੇ ਨੂੰ ਬਚਾਉਣ ਲਈ ਸਬੂਤ ਲੁਕਾਉਣ 'ਚ ਮਾਂ ਅਤੇ 2 ਭੈਣਾਂ ਵੀ ਸ਼ਾਮਲ ਸਨ। ਪੁਲਸ ਨੇ ਚਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਗੀਵਾ ਦੇ ਪੁਲਸ ਕੰਟਰੋਲ ਰੂਮ 'ਚ ਘਟਨਾ ਦਾ ਖੁਲਾਸਾ ਕੀਤਾ ਹੈ। ਦਰਅਸਲ ਗੀਵਾ ਜ਼ਿਲ੍ਹੇ ਦੇ ਜਾਵਾ ਥਾਣਾ ਖੇਤਰ ਇਲਾਕੇ 'ਚ 24 ਜੁਲਾਈ ਨੂੰ 9 ਸਾਲਾ ਕੁੜੀ ਦੀ ਮੌਤ ਹੋਈ ਸੀ। ਕੁੜੀ ਦੇ ਪਰਿਵਾਰ ਵਾਲੇ ਉਸ ਨੂੰ ਪ੍ਰਾਈਵੇਟ ਹਸਪਤਾਲ ਲੈ ਗਏ ਅਤੇ ਕਿਹਾ ਕਿ ਉਸ ਨੂੰ ਕੀੜੇ ਨੇ ਵੱਢ ਲਿਆ ਹੈ। ਪ੍ਰਾਈਵੇਟ ਡਾਕਟਰ ਦੇ ਮਨ੍ਹਾ ਕਰਨ ਤੋਂ ਬਾਅਦ ਸਰਕਾਰੀ ਡਾਕਟਰ ਨੂੰ ਦਿਖਾਇਆ, ਜਿਸ ਨੇ ਕੁੜੀ ਦੀ ਮੌਤ ਦੀ ਵਜ੍ਹਾ ਜਬਰ ਜ਼ਿਨਾਹ ਅਤੇ ਕਤਲ ਦੱਸਿਆ। ਮਾਮਲੇ ਦਾ ਖੁਲਾਸਾ ਹੋਣ ਤੋਂ ਬਾਅਦ ਪੁਲਸ ਨੂੰ ਜਾਣਕਾਰੀ ਦਿੱਤੀ ਹੈ। ਪੁਲਸ ਮੌਕੇ 'ਤੇ ਪਹੁੰਚੇ ਅਤੇ ਕੁੜੀ ਦੀ ਲਾਸ਼ ਦਾ ਪੋਸਟਮਾਰਟਮ ਕਰਵਾਇਆ, ਜਿਸ 'ਚ ਜਬਰ ਜ਼ਿਨਾਹ ਅਤੇ ਗਲਾ ਘੁੱਟ ਕੇ ਕਤਲ ਕਰਨ ਦੀ ਪੁਸ਼ਟੀ ਹੋਈ। ਪੁਲਸ ਜਾਂਚ 'ਚ ਜੁਟੀ ਅਤੇ ਆਈ.ਜੀ., ਡੀ.ਆਈ.ਜੀ., ਐੱਸ.ਪੀ. ਨੇ ਪਿੰਡ ਦਾ ਦੌਰਾ ਕੀਤਾ ਅਤੇ ਦਾ ਗਠਨ ਕੀਤਾ ਗਿਆ ਅਤੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਗਿਆ। ਪਰਿਵਾਰ 'ਚ ਚਾਰ ਕੁੜੀਆਂ, ਇਕ ਮੁੰਡਾ ਅਤੇ ਮਾਤਾ-ਪਿਤਾ ਸਮੇਤ 6 ਲੋਕ

ਰਹਿੰਦੇ ਸਨ। ਘਰ 'ਚ ਦਰਵਾਜੇ ਨਹੀਂ ਸਨ, ਜਿਸ ਕਾਰਨ ਲੋਕ ਆਸਾਨੀ ਨਾਲ ਘਰ ਦੇ ਅੰਦਰ ਆ ਸਕਦੇ ਸਨ। ਜਿਸ ਜਗ੍ਹਾ ਕੁੜੀ ਦੀ ਮੌਤ ਹੋਈ ਸੀ, ਉੱਥੇ ਕੁੜੀ ਦਾ 13 ਸਾਲਾ ਭਰਾ ਅਤੇ ਕੁੜੀ ਸੌਂ ਰਹੇ ਸਨ। 2 ਭੈਣਾਂ ਅਤੇ ਮਾਂ ਵੱਖ ਸੌਂ ਰਹੇ ਸਨ। ਕੁੜੀ ਨਾਲ ਜਬਰ ਜ਼ਿਨਾਹ ਹੋਇਆ ਅਤੇ ਕਤਲ ਹੋ ਗਿਆ। ਪੁਲਸ ਨੇ ਲਗਭਗ 50 ਲੋਕਾਂ ਤੋਂ ਪੁੱਛ-ਗਿੱਛ ਕੀਤੀ, ਹਰ ਵਾਰ ਸ਼ੱਕ ਘਰ ਵਾਲਿਆਂ 'ਤੇ ਜਾ ਰਿਹਾ ਸੀ। ਕੁਝ ਸਬੂਤ ਵੀ ਜੁਟਾਏ ਗਏ। ਘਰ ਵਾਲਿਆਂ 'ਤੇ ਸ਼ੱਕ ਹੋਣ 'ਤੇ ਪੁਲਸ ਨੇ ਉਨ੍ਹਾਂ ਤੋਂ ਸਖਤੀ ਨਾਲ ਪੁੱਛ-ਗਿੱਛ ਕੀਤੀ। ਸਾਰਿਆਂ ਦੇ ਬਿਆਨ ਵੱਖ-ਵੱਖ ਸਨ, ਸਖਤੀ ਨਾਲ ਪੁੱਛ-ਗਿੱਛ ਦਾ ਅਸਰ ਹੋਇਆ ਅਤੇ ਉਨ੍ਹਾਂ ਨੇ ਆਪਣਾ ਜੁਰਮ ਕਬੂਲ ਕਰ ਲਿਆ। ਮਿਲੀ ਜਾਣਕਾਰੀ ਅਨੁਸਾਰ 13 ਸਾਲ ਦੇ ਭਰਾ ਨੇ ਅਸ਼ਲੀਲ ਵੀਡੀਓ ਦੇਖਣ ਤੋਂ ਬਾਅਦ ਆਪਣੀ 9 ਸਾਲਾ ਭੈਣ ਦਾ ਮੂੰਹ ਦਬਾ ਕੇ ਉਸ ਨਾਲ ਜਬਰ ਜ਼ਿਨਾਹ ਕੀਤਾ, ਜੋ ਉਸ ਨਾਲ ਉਸੇ ਦੇ ਬਿਸਤਰ 'ਤੇ ਸੌਂ ਰਹੀ ਸੀ। ਭੈਣ ਨੇ ਕਿਹਾ ਕਿ ਉਹ ਪਿਤਾ ਨੂੰ ਇਸ ਗੱਲ ਦੀ ਜਾਣਕਾਰੀ ਦੇਵੇਗੀ। ਭਰਾ ਡਰ ਗਿਆ, ਉਸ ਨੇ ਭੈਣ ਦਾ ਗਲਾ ਘੁੱਟ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਜਦੋਂ ਉਸ ਨੂੰ ਲੱਗਾ ਕਿ ਭੈਣ ਮਰ ਗਈ ਹੈ, ਉਦੋਂ ਉਸ ਨੇ ਇਸ ਗੱਲ ਦੀ ਜਾਣਕਾਰੀ ਆਪਣੀ ਮਾਂ ਨੂੰ ਦਿੱਤੀ। ਜਦੋਂ ਮਾਂ ਨੇ ਕੁੜੀ ਨੂੰ ਦੇਖਿਆ ਤਾਂ ਉਸ ਦੇ ਸਾਹ ਚੱਲ ਰਹੇ ਸਨ। ਭਰਾ ਨੇ ਮਾਂ ਦੇ ਸਾਹਮਣੇ ਕੁੜ ਦਾ ਗਲਾ ਘੁੱਟ ਕੇ ਉਸ ਨੂੰ ਮਾਰ ਦਿੱਤਾ। ਇਸੇ ਦੌਰਾਨ ਦੋਵੇਂ ਭੈਣਾਂ ਵੀ ਉੱਠ ਗਈਆਂ। ਚਾਰਾਂ ਨੇ ਮਿਲ ਕੇ ਇਸ ਵਾਰਦਾਤ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਅਤੇ ਕੀੜੇ ਵਲੋਂ ਵੱਢਣ ਦੀ ਗੱਲ ਨੂੰ ਸਾਰਿਆਂ ਸਾਹਮਣੇ ਦੱਸਿਆ ਪਰ ਪੁਲਸ ਨੇ ਘਟਨਾ ਦਾ ਖੁਲਾਸਾ ਕਰਦੇ ਹੋਏ ਚਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ। 9 ਸਾਲ ਦੀ ਕੁੜੀ ਨਾਲ ਜਬਰ ਜ਼ਿਨਾਹ ਦੀ ਘਟਨਾ 'ਚ ਦੋਸ਼ੀ 13 ਸਾਲਾ ਭਰਾ, ਸਬੂਤ ਲੁਕਾਉਣ 'ਚ ਮਦਦ ਕਰਨ ਵਾਲੀ ਉਸ ਦੀ ਮਾਂ, 18 ਸਾਲ ਦੀ ਉਸ ਦੀ ਵੱਡੀ ਅਤੇ 17 ਸਾਲ ਦੀ ਉਸ ਦੀ ਨਾਬਾਲਗ ਭੈਣ ਸ਼ਾਮਲ ਹਨ।

13 ਲੱਖ ਦੀ ਇਨਾਮੀ ਮਹਿਲਾ ਨਕਸਲੀ ਨੇ ਕੀਤਾ ਸਰੰਡਰ, ਕਈ ਗੰਭੀਰ ਅਪਰਾਧਾਂ 'ਚ ਸੀ ਸ਼ਾਮਲ

ਕਬੀਰਧਾਮ 1 ਅਗਸਤ। ਛੱਤੀਸਗੜ੍ਹ ਦੇ ਕਬੀਰਧਾਮ ਜ਼ਿਲ੍ਹੇ 'ਚ 13 ਲੱਖ ਰੁਪਏ ਦੀ ਇਕ ਇਨਾਮੀ ਮਹਿਲਾ ਨਕਸਲੀ ਨੇ ਸੁਰੱਖਿਆ ਫੋਰਸਾਂ ਦੇ ਸਾਹਮਣੇ ਆਤਮਸਮਰਪਣ (ਸਰੰਡਰ) ਕਰ ਦਿੱਤਾ ਹੈ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਨਕਸਲੀਆਂ ਦੇ 'ਐੱਮ.ਐੱਮ.ਸੀ. ਜੋਨਲ ਕਮੇਟੀ' ਦੇ ਅਧੀਨ ਟਾਂਡਾ/ਮਲਾਜਖੰਡ 'ਏਰੀਆ ਕਮੇਟੀ' ਦੀ ਮੈਂਬਰ ਰਾਨੀਤਾ ਉਰਫ ਹਿੜਮੇ ਕੋਵਾਸੀ (22) ਨੇ ਸੁਰੱਖਿਆ ਫੋਰਸਾਂ ਦੇ ਸਾਹਮਣੇ ਆਤਮਸਮਰਪਣ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਕੋਵਾਸੀ ਦੇ ਸਿਰ 'ਤੇ ਛੱਤੀਸਗੜ੍ਹ 'ਚ 5 ਲੱਖ ਰੁਪਏ, ਮੱਧ ਪ੍ਰਦੇਸ਼ 'ਚ ਤਿੰਨ ਲੱਖ ਰੁਪਏ ਅਤੇ ਮਹਾਰਾਸ਼ਟਰ 'ਚ 5 ਲੱਖ ਰੁਪਏ ਯਾਨੀ ਕੁੱਲ 13 ਲੱਖ ਦਾ ਇਨਾਮ

ਐਲਾਨ ਹੈ। ਉਨ੍ਹਾਂ ਦੱਸਿਆ ਕਿ ਕੋਵਾਸੀ ਨੇ ਨਕਸਲੀਆਂ ਦੀ ਅਣਮਨੁੱਖੀ ਅਤੇ ਆਧਾਰਹੀਣ ਵਿਚਾਰਧਾਰਾ ਅਤੇ ਉਨ੍ਹਾਂ ਦੇ ਸ਼ੋਸ਼ਣ, ਅੱਤਿਆਚਾਰ ਅਤੇ ਸਥਾਨਕ ਆਦਿਵਾਸੀਆਂ 'ਤੇ ਹੋਣ ਵਾਲੀ ਹਿੰਸਾ ਤੋਂ ਤੰਗ ਆ ਕੇ ਨਕਸਲਵਾਦ ਛੱਡਣ ਦਾ ਫੈਸਲਾ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਨਕਸਲੀ ਖ਼ਿਲਾਫ ਮੱਧ ਪ੍ਰਦੇਸ਼ 'ਚ ਕੁੱਲ 19 ਅਤੇ ਛੱਤੀਸਗੜ੍ਹ 'ਚ ਤਿੰਨ ਅਪਰਾਧ ਦਰਜ ਹਨ। ਉਨ੍ਹਾਂ ਦੱਸਿਆ ਕਿ ਆਤਮਸਮਰਪਣ ਕਰਨ ਵਾਲੀ ਮਹਿਲਾ ਨਕਸਲੀ ਨੂੰ ਮੁੜ ਵਸੇਬਾ ਨੀਤੀ ਦੇ ਅਧੀਨ 25 ਹਜਾਰ ਰੁਪਏ ਦੀ ਮਦਦ ਰਾਸ਼ੀ ਪ੍ਰਦਾਨ ਕੀਤੀ ਗਈ ਹੈ। ਇਸ ਦੇ ਨਾਲ ਹੀ ਛੱਤੀਸਗੜ੍ਹ ਸ਼ਾਸਨ ਦੀ ਮੁੜ ਵਸੇਬਾ ਨੀਤੀ ਦੇ ਅਧੀਨ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ।

ਲਿਫਟ ਦੇਣਾ ਪੈ ਗਿਆ ਮਹਿੰਗਾ, ਨਾਲ ਬੈਠ ਢਾਬੇ 'ਤੇ ਖਾਧਾ ਖਾਣਾ ਤੇ ਫਿ਼ਰ ਕਰ'ਤਾ ਡਰਾਈਵਰ ਦਾ ਕਤਲ

ਘਨੌਰ 1 ਅਗਸਤ। ਥਾਣਾ ਘਨੌਰ ਪੁਲਸ ਨੇ ਬੰਬੇ ਟਰਾਂਸਪੋਰਟ 'ਚ ਨੌਕਰੀ ਕਰਦੇ ਡਰਾਈਵਰ ਦਾ ਤੇਜਧਾਰ ਹਥਿਆਰ ਨਾਲ ਕਤਲ ਕਰ ਕੇ ਲਾਸ਼ ਨੂੰ ਖਦਾਨਾਂ 'ਚ ਸੁੱਟਣ ਵਾਲੇ ਇਕ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤਕਰਤਾ ਸੁਨੀਲ ਕੁਮਾਰ ਪੁੱਤਰ ਸ਼ੰਭੂ ਨਾਥ ਪੁੱਤਰ ਤੁਲਸੀ ਰਾਮ ਵਾਸੀ ਪਿੰਡ ਮੰਗਨੋਟੀ ਥਾਣਾ ਬਰਸਰ ਜ਼ਿਲ੍ਹਾ ਹਮੀਰਪੁਰ, ਹਿਮਾਚਲ ਪ੍ਰਦੇਸ਼ ਨੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਪਿਤਾ ਬੰਬੇ ਟਰਾਂਸਪੋਰਟ 'ਚ ਬਤੌਰ ਡਰਾਈਵਰ ਨੌਕਰੀ ਕਰਦੇ ਸਨ। ਮਿਤੀ



19 ਜੁਲਾਈ 2024 ਨੂੰ ਉਸ ਨੂੰ ਫੋਨ ਆਇਆ ਕਿ ਉਸ ਦੇ ਪਿਤਾ ਦੀ ਗੱਡੀ ਪਿੰਡ ਜਮੀਤਗੜ੍ਹ ਪਾਸ ਖੜ੍ਹੀ ਹੈ, ਜਿਸ ਦੇ ਸਿਰ 'ਚ ਕਿਸੇ ਨੇ ਸੱਟਾਂ ਮਾਰੀਆਂ ਹੋਈਆਂ ਹਨ। ਜਦੋਂ ਉਹ ਆਪਣੇ ਭਰਾ ਅਤੇ ਮਾਲਕ ਸਮੇਤ ਮੌਕੇ 'ਤੇ ਪੁੱਜਿਆ ਤਾਂ ਮੌਕੇ 'ਤੇ ਖੂਨ ਡੁੱਲਿਆ ਹੋਇਆ ਸੀ ਅਤੇ ਉਸ ਦੇ ਪਿਤਾ ਦੀ ਲਾਸ਼ ਖਦਾਨਾਂ 'ਚ ਪਈ ਸੀ। ਉਨ੍ਹਾਂ ਦੇ ਸਿਰ 'ਤੇ ਕਿਸੇ ਤਿੱਖੀ ਚੀਜ ਦੇ ਵਾਰ ਕੀਤੇ ਗਏ ਸਨ। ਮੌਕੇ 'ਤੇ ਫੌਜੀ ਢਾਬੇ ਦਾ ਮਾਲਕ ਸੁਰੇਸ਼ ਵੀ ਆ ਗਿਆ, ਜਿਸ ਨੇ ਦੱਸਿਆ ਕਿ ਉਸ ਦਾ ਪਿਤਾ ਇਕ ਹੋਰ ਵਿਅਕਤੀ ਨਾਲ ਖਾਣਾ ਖਾ ਕੇ ਗਿਆ ਸੀ। ਉਹ ਅਣਪਛਾਤਾ ਵਿਅਕਤੀ ਉਸ ਦੇ ਪਿਤਾ ਤੋਂ ਲਿਫਟ ਲੈ ਕੇ ਨਾਲ ਗਿਆ ਸੀ, ਜਿਸ ਦੀ ਕਿਸੇ ਗਲ ਤੋਂ ਤਕਰਾਰਬਾਜੀ ਹੋ ਗਈ ਸੀ, ਤੇ ਇਸ ਤੋਂ ਬਾਅਦ ਗੁੱਸੇ 'ਚ ਆ ਕੇ ਉਸ ਨੇ ਤੇਜਧਾਰ ਹਥਿਆਰ ਨਾਲ ਉਸ ਦੇ ਪਿਤਾ ਦਾ ਕਤਲ ਕਰ ਦਿੱਤਾ। ਪੁਲਸ ਨੇ ਉਸ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਕੇ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ।

ਬੈਂਕ ਤੋਂ ਲੋਨ ਕਰਵਾ ਕੇ ਘਰ 'ਚ ਰੱਖੇ ਹਜ਼ਾਰਾਂ ਰੁਪਏ ਚੋਰੀ

ਅਬੋਹਰ 1 ਅਗਸਤ। ਬੀਤੀ ਰਾਤ ਚੋਰ ਨੇ ਸਿਹਤ ਵਿਭਾਗ ਦੀ ਆਸ਼ਾ ਵਰਕਰ ਦੇ ਘਰ ਧਾਵਾ ਬੋਲ ਕੇ ਉੱਥੇ ਰੱਖੀ ਬੈਂਕ ਲੋਨ ਦੀ ਰਕਮ ਚੋਰੀ ਕਰ ਲਈ। ਵਿਧਵਾ ਆਸ਼ਾ ਵਰਕਰ ਦੇ ਨਿਰਮਾਣ ਅਧੀਨ ਮਕਾਨ ਦੀ ਉਸਾਰੀ ਦਾ ਕੰਮ ਵੀ ਲੋਕਾਂ ਦੇ ਸਹਿਯੋਗ ਨਾਲ ਚੱਲ ਰਿਹਾ ਹੈ, ਅਜਿਹੇ 'ਚ ਚੋਰ ਨੇ ਉਸ ਦੇ ਲੋਨ ਦੀ ਰਕਮ ਵੀ ਚੋਰੀ ਕਰ ਲਈ। ਜਾਣਕਾਰੀ ਅਨੁਸਾਰ ਪਿੰਕੀ ਰਾਣੀ ਪਤਨੀ ਸਵ. ਜੁਗਨੂੰ ਵਾਸੀ ਰਾਜੀਵ ਨਗਰ ਨੇ ਦੱਸਿਆ ਕਿ ਇਨ੍ਹੀਂ ਦਿਨੀਂ ਉਨ੍ਹਾਂ ਦੇ ਘਰ 'ਚ ਉਸਾਰੀ ਦਾ ਕੰਮ ਚੱਲ ਰਿਹਾ ਹੈ, ਜੋ ਸਮਾਜਸੇਵੀ ਸੰਸਥਾਵਾਂ ਅਤੇ ਲੋਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਹਾਲ ਹੀ ਵਿਚ ਉਸ ਨੇ ਐੱਚ. ਡੀ. ਐੱਫ. ਸੀ. ਬੈਂਕ ਤੋਂ ਕਰੀਬ 70 ਹਜ਼ਾਰ ਰੁਪਏ ਦਾ ਲੋਨ ਲਿਆ ਸੀ, ਜਿਸ ਦੀ ਰਕਮ ਘਰ 'ਚ ਹੀ ਰੱਖੀ ਹੋਈ ਸੀ। ਬੀਤੀ ਰਾਤ ਜਦੋਂ ਉਹ ਅਤੇ ਉਸ ਦੀ ਧੀ ਘਰ 'ਚ ਸੌਂ ਰਹੀਆਂ ਸਨ ਤਾਂ ਦੇਰ ਰਾਤ ਇਕ ਨੌਜਵਾਨ ਉਨ੍ਹਾਂ ਦੇ ਘਰ 'ਚ ਦਾਖਲ ਹੋ ਕੇ ਅਲਮਾਰੀ 'ਚ ਰੱਖੀ ਨਕਦੀ ਚੋਰੀ ਕਰ ਕੇ ਲੈ ਗਿਆ, ਜਦ ਰੌਲਾ ਸੁਣ ਕੇ ਉਸ ਦੀ ਅੱਖ ਖੁੱਲ੍ਹੀ ਤਾਂ ਦੇਖਿਆ ਕਿ ਨੌਜਵਾਨ ਪੈਸੇ ਲੈ ਕੇ

ਜਾ ਰਿਹਾ ਸੀ, ਵਿਰੋਧ ਕਰਨ 'ਤੇ ਉਸ ਨੇ ਤਿੱਖੀ ਕਿਰਚ ਨਾਲ ਉਸ ਨੂੰ ਡਰਾਇਆ ਅਤੇ ਭੱਜ ਗਿਆ। ਇਸ ਸਬੰਧੀ ਸਵੇਰੇ ਉਸ ਨੇ ਇਸ ਦੀ ਸ਼ਿਕਾਇਤ ਸਿਟੀ ਥਾਣਾ ਨੰਬਰ-2 ਦੀ ਪੁਲਸ ਨੂੰ ਕੀਤੀ ਅਤੇ ਪੁਲਸ ਨੂੰ ਚੋਰ ਦੀ ਪਛਾਣ ਵੀ ਦੱਸੀ। ਸੂਚਨਾ ਮਿਲਣ 'ਤੇ ਸਿਟੀ ਥਾਣਾ ਨੰਬਰ-2 ਦੀ ਪੁਲਸ ਨੇ ਮੌਕੇ 'ਤੇ ਜਾ ਕੇ ਜਾਂਚ ਕੀਤੀ। ਜਾਂਚ ਕਰ ਰਹੇ ਸਹਾਇਕ ਸਬ-ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਕਤ ਨੌਜਵਾਨ ਜਿਸ ਦੀ ਪਛਾਣ ਔਰਤ ਨੇ ਦਿੱਤੀ ਸੀ, ਦੇ ਘਰ ਛਾਪਾ ਮਾਰਿਆ ਗਿਆ ਪਰ ਉਹ ਨਹੀਂ ਮਿਲਿਆ। ਜਲਦੀ ਹੀ ਉਸ ਨੂੰ ਫੜ੍ਹ ਕੇ ਪੁੱਛਗਿੱਛ ਕੀਤੀ ਜਾਵੇਗੀ। ਵਾਰਡ ਦੇ ਕੌਂਸਲਰ ਡਾ. ਮੁਕੇਸ਼ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਹੋਲੀ ਦੇ ਤਿਉਹਾਰ ਮੌਕੇ ਇਸੇ ਪਿੰਕੀ ਰਾਣੀ ਦੇ ਘਰ ਚੋਰੀ ਦੀ ਘਟਨਾ ਵਾਪਰੀ ਸੀ ਅਤੇ ਚੋਰਾਂ ਨੇ 20 ਹਜ਼ਾਰ ਰੁਪਏ ਚੋਰੀ ਕਰ ਲਏ ਸਨ। ਇਸ ਤੋਂ ਇਲਾਵਾ ਉਨ੍ਹਾਂ ਦੇ ਇਲਾਕੇ 'ਚ ਚੋਰੀਆਂ ਹੁੰਦੀਆਂ ਰਹਿੰਦੀਆਂ ਹਨ ਅਤੇ ਉਹ ਕਈ ਵਾਰ ਪੁਲਸ ਨੂੰ ਸੂਚਿਤ ਕਰ ਚੁੱਕੇ ਹਨ ਪਰ ਪੁਲਸ ਇਸ ਵੱਲ ਧਿਆਨ ਨਹੀਂ ਦਿੰਦੀ।

ਤਾਲਿਬਾਨ ਨੇ ਕਈ ਅਫਗਾਨ ਡਿਪਲੋਮੈਟਿਕ ਮਿਸਨਾਂ ਅਤੇ ਉਨ੍ਹਾਂ ਦੀਆਂ ਕੌਂਸਲਰ ਸੇਵਾਵਾਂ ਨੂੰ ਕੀਤਾ ਖਾਰਜ

ਇਸਲਾਮਾਬਾਦ 1 ਅਗਸਤ। ਤਾਲਿਬਾਨ ਨੇ ਮੰਗਲਵਾਰ ਨੂੰ ਵਿਦੇਸਾਂ ਵਿੱਚ ਸਥਿਤ ਕਈ ਅਫਗਾਨ ਕੂਟਨੀਤਕ ਮਿਸਨਾਂ ਨੂੰ ਰੱਦ ਕਰ ਦਿੱਤਾ। ਨਾਲ ਹੀ ਕਿਹਾ ਕਿ ਉਹ ਅਫਗਾਨਿਸਤਾਨ ਵਿੱਚ ਸਾਬਕਾ ਪੱਛਮੀ ਸਮਰਥਿਤ ਪ੍ਰਸਾਸਨ ਨਾਲ ਜੁੜੇ ਡਿਪਲੋਮੈਟਾਂ ਦੁਆਰਾ ਜਾਰੀ ਕੀਤੇ ਪਾਸਪੋਰਟ, ਵੀਜਾ ਅਤੇ ਹੋਰ ਦਸਤਾਵੇਜਾਂ ਨੂੰ ਮਾਨਤਾ ਨਹੀਂ ਦੇਵੇਗਾ। ਇਸ ਕਦਮ ਨੂੰ ਤਾਲਿਬਾਨ ਵੱਲੋਂ ਡਿਪਲੋਮੈਟਿਕ ਮਿਸਨ 'ਤੇ ਕੰਟਰੋਲ ਹਾਸਲ ਕਰਨ ਦੀ ਨਵੀਂ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਵਿਦੇਸ ਮੰਤਰਾਲੇ ਨੇ ਸੋਸਲ ਮੀਡੀਆ ਪਲੇਟਫਾਰਮ 'ਤੇ ਸਾਂਝੇ ਕੀਤੇ ਇੱਕ ਬਿਆਨ ਵਿੱਚ ਕਿਹਾ ਕਿ ਭੇਜੇ ਗਏ ਦਸਤਾਵੇਜ ਹੁਣ ਵੈਧ ਨਹੀਂ ਰਹੇ ਹਨ ਅਤੇ ਮੰਤਰਾਲੇ ਉਨ੍ਹਾਂ ਦਸਤਾਵੇਜਾਂ ਲਈ "ਕੋਈ ਜ਼ਿੰਮੇਵਾਰੀ ਨਹੀਂ ਲੈਂਦਾ"। ਇਸ ਘੋਸਣਾ ਤੋਂ ਪ੍ਰਭਾਵਿਤ ਦਸਤਾਵੇਜਾਂ ਵਿੱਚ ਪਾਸਪੋਰਟ, ਵੀਜਾ ਸਟਿੱਕਰ, ਡੀਡ ਅਤੇ ਹੋਰ ਦਸਤਾਵੇਜ ਸਾਮਲ ਹਨ। ਮੰਤਰਾਲੇ ਨੇ ਲਿਖਿਆ ਹੈ ਕਿ ਇਨ੍ਹਾਂ ਦੇਸਾਂ ਦੇ ਲੋਕਾਂ ਨੂੰ ਤਾਲਿਬਾਨ ਦੀ 'ਇਸਲਾਮਿਕ ਅਮੀਰਾਤ ਆਫ ਅਫਗਾਨਿਸਤਾਨ' (ਆਈ.ਈ.ਏ) ਸਰਕਾਰ ਦੁਆਰਾ ਨਿਯੰਤਰਿਤ ਦੂਤਘਰਾਂ ਅਤੇ ਕੌਂਸਲੇਟਾਂ ਨਾਲ ਸੰਪਰਕ ਕਰਨਾ ਹੋਵੇਗਾ। ਇਸ ਵਿੱਚ ਕਿਹਾ ਗਿਆ ਹੈ,"ਸਾਰੇ ਅਫਗਾਨ ਨਾਗਰਿਕ ਅਤੇ ਵਿਦੇਸਾਂ ਵਿੱਚ ਰਹਿ ਰਹੇ ਵਿਦੇਸੀ ਕੌਂਸਲਰ ਸੇਵਾਵਾਂ ਪ੍ਰਾਪਤ ਕਰਨ ਲਈ ਉਪਰੋਕਤ ਦੱਸੇ ਗਏ ਮਿਸਨਾਂ ਤੋਂ ਇਲਾਵਾ ਹੋਰ ਦੇਸਾਂ ਵਿੱਚ ਆਈ.ਈ.ਏ ਰਾਜਨੀਤਿਕ ਅਤੇ ਕੌਂਸਲਰ ਮਿਸਨਾਂ ਦਾ ਦੌਰਾ ਕਰ ਸਕਦੇ ਹਨ।"

ਪੰਜਾਬ ਪੁਲਸ 'ਚ ਹੋਏ ਤਬਾਦਲੇ, 11 ਅਧਿਕਾਰੀ ਕਰ ਦਿੱਤੇ ਇੱਧਰੋਂ-ਉੱਧਰ

ਜਲੰਧਰ 1 ਅਗਸਤ। ਜਲੰਧਰ ਦੇ ਪੁਲਸ ਕਮਿਸ਼ਨਰ ਵੱਲੋਂ ਕਈ ਥਾਣਿਆਂ ਦੇ ਐੱਸ.ਐੱਚ.ਓ. ਅਤੇ ਚੌਕੀ ਇੰਚਾਰਜਾਂ ਦੀ ਬਦਲੀ ਕੀਤੀ ਗਈ ਹੈ। ਇਸ ਤਹਿਤ ਜਾਰੀ ਹੁਕਮਾਂ ਵਿਚ ਕੁੱਲ੍ਹ 11 ਅਧਿਕਾਰੀਆਂ ਨੂੰ ਇੱਧਰੋਂ-ਉੱਧਰ ਕੀਤਾ ਗਿਆ ਹੈ। ਇਹ ਹੁਕਮ ਤੁਰੰਤ ਪ੍ਰਭਾਅ ਨਾਲ ਲਾਗੂ ਹੋਣਗੇ ਤੇ ਬਦਲੇ ਗਏ ਅਧਿਕਾਰੀਆਂ ਨੂੰ ਪੋਸਟਿੰਗ ਵਾਲੀ ਨਵੀਂ ਜਗ੍ਹਾ ਰਿਪੋਰਟ ਕਰਨ ਦੀ ਹਦਾਇਤ ਕੀਤੀ ਗਈ ਹੈ। ਪੁਲਸ ਕਮਿਸ਼ਨਰ ਵੱਲੋਂ ਜਾਰੀ ਹੁਕਮਾਂ ਮੁਤਾਬਕ ਥਾਣਾ ਰਾਮਾ ਮੰਡੀ ਦੇ ਗੁਰਪ੍ਰੀਤ ਸਿੰਘ ਨੂੰ ਥਾਣਾ ਡਵੀਜਨ ਨੰਬਰ 2, ਥਾਣਾ ਭਾਰਗੋ ਕੈਂਪ ਦੇ ਸੰਦੀਪ ਰਾਣੀ ਨੂੰ ਥਾਣਾ ਡਵੀਜਨ ਨੰਬਰ 3, ਅਸ਼ੋਕ ਕੁਮਾਰ ਨੂੰ ਥਾਣਾ ਭਾਰਗੋ ਕੈਂਪ ਦੇ , ਥਾਣਾ ਡਵੀਜਨ ਨੰਬਰ 2 ਦੇ ਪਰਮਿੰਦਰ ਸਿੰਘ ਨੂੰ ਥਾਣਾ ਰਾਮਾ ਮੰਡੀ ਅਤੇ ਗੁਰਦਿਆਲ ਸਿੰਘ ਨੂੰ ਸਦਰ ਥਾਣੇ ਦਾ ਲਗਾਇਆ ਗਿਆ

ਗਲਾਸ ਧੋਤੇ ਬਿਨਾਂ ਪਾਣੀ ਪੀਣ ਨਾਲ ਚਲੀ ਗਈ ਵਿਅਕਤੀ ਜਾਨ !

ਸ਼ੇਰਪੁਰ 1 ਅਗਸਤ। ਪਿੰਡ ਦੀਦਾਰਗੜ ਵਿਖੇ ਇਕ ਦਲਿਤ ਨੌਜਵਾਨ ਦੀ ਸਿਹਤ ਵਿਗੜਣ ਮਗਰੋਂ ਮੌਤ ਹੋ ਗਈ। ਮ੍ਰਿਤਕ ਦੀ ਪਤਨੀ ਬਲਵੰਤ ਕੌਰ ਵੱਲੋਂ ਥਾਣਾ ਸ਼ੇਰਪੁਰ ਵਿਖੇ ਦਰਜ ਕਰਵਾਏ ਗਏ ਬਿਆਨਾਂ ਅਨੁਸਾਰ ਉਸ ਦਾ ਪਤੀ ਬੂਟਾ ਸਿੰਘ (30) ਸਾਲ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਸੀ। ਉਸ ਨੇ ਦੱਸਿਆ ਕਿ ਬੂਟਾ ਸਿੰਘ ਕੁਝ ਦਿਨ ਪਹਿਲਾਂ ਕਣਕ ਵਿਚ ਪਾਉਣ ਲਈ ਸਲਫਾਸ ਲੈ ਕੇ ਆਇਆ ਸੀ, ਜਿਸ ਨੂੰ ਉਸ ਨੇ ਗਲਾਸ ਵਿਚ ਪਾ ਕੇ ਰੱਖ ਦਿੱਤੀ ਸੀ ਤਾਂ ਜੋ ਉਸ ਨੂੰ ਕਣਕ ਵਿਚ ਪਾਇਆ ਜਾ ਸਕੇ। ਬੀਤੇ ਦਿਨੀਂ ਬੂਟਾ ਸਿੰਘ ਨੇ ਉਸ ਗਲਾਸ ਨੂੰ ਧੋਤੇ ਬਗੈਰ ਭੁਲੇਖੇ ਨਾਲ ਪਾਣੀ ਪਾ ਕੇ ਪੀ ਲਿਆ, ਜਿਸ ਕਰਕੇ ਉਸ ਦੀ ਹਾਲਤ ਖਰਾਬ ਹੋ ਗਈ ਅਤੇ ਉਸ ਨੂੰ ਪਹਿਲਾਂ ਸ਼ੇਰਪੁਰ ਵਿਖੇ ਇਕ ਨਿਜੀ ਹਸਪਤਾਲ ਅਤੇ ਬਾਅਦ ਵਿਚ ਹਾਲਤ ਨਾਜੁਕ ਹੋਣ 'ਤੇ ਬਰਨਾਲਾ ਦੇ ਨਿਜੀ ਹਸਪਤਾਲ ਵਿਚ ਲਜਾਇਆ ਗਿਆ, ਜਿੱਥੇ ਇਲਾਜ ਦੌਰਾਨ ਬੂਟਾ ਸਿੰਘ ਦੀ ਮੌਤ ਹੋ ਗਈ। ਬਲਵੰਤ ਕੌਰ ਨੇ ਦੱਸਿਆ ਕਿ ਉਸ ਦੇ ਵੱਡੇ ਲੜਕੇ ਪ੍ਰਭਜੋਤ ਸਿੰਘ (11) ਸਾਲ ਦੀ 2021 ਵਿਚ ਕੈਂਸਰ ਨਾਲ ਮੌਤ ਹੋ ਗਈ ਸੀ ਅਤੇ ਉਸ ਨੂੰ ਖੁਦ ਤੇ ਉਸ ਦੇ ਛੋਟੇ ਲੜਕੇ ਸਾਹਿਬਜੋਤ ਸਿੰਘ (4 ਸਾਲ) ਨੂੰ ਵੀ ਕੈਂਸਰ ਹੈ। ਉਸ ਨੇ ਕਿਹਾ ਕਿ ਕੈਂਸਰ ਦੀ ਬਿਮਾਰੀ ਕਾਰਨ ਉਨ੍ਹਾਂ ਦਾ ਬਹੁਤ ਜ਼ਿਆਦਾ ਖਰਚ ਹੋ ਰਿਹਾ ਸੀ ਅਤੇ ਬੂਟਾ ਸਿੰਘ ਦੀ ਆਮਦਨ ਬਹੁਤ ਘੱਟ ਸੀ। ਇਸ ਕਰਕੇ ਸਾਡਾ ਘਰ ਬਹੁਤ ਹੀ ਮੁਸਕਿਲ ਨਾਲ ਚੱਲ ਰਿਹਾ ਸੀ ਅਤੇ ਬੂਟਾ ਸਿੰਘ ਦਿਮਾਗੀ ਤੌਰ 'ਤੇ ਬਹੁਤ ਜ਼ਿਆਦਾ ਪ੍ਰੇਸ਼ਾਨ ਹੋ ਗਿਆ ਸੀ। ਇਲਾਕੇ ਦੇ ਪਤਵੰਤ ਸੱਜਣਾਂ ਨੇ ਸਰਕਾਰ ਤੋਂ ਪੀੜਤ ਪਰਿਵਾਰ ਲਈ ਮੁਆਵਜੇ ਦੀ ਮੰਗ ਕੀਤੀ ਹੈ। ਦੂਜੇ ਪਾਸੇ ਥਾਣਾ ਸ਼ੇਰਪੁਰ ਦੇ ਹੌਲਦਾਰ ਜਸਜੋਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਬੂਟਾ ਸਿੰਘ ਦੀ ਪਤਨੀ ਦੇ ਬਿਆਨਾਂ ਦੇ ਅਧਾਰ 'ਤੇ 194 ਦੀ ਕਾਰਵਾਈ ਕਰਕੇ ਲਾਸ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਵਾਰਿਸਾਂ ਹਵਾਲੇ ਕਰ ਦਿੱਤੀ ਜਾਵੇਗੀ।

ਪੰਜਾਬ ਪੁਲਸ ਵੱਲੋਂ ਨਸ਼ਿਆਂ ਦੇ ਖਾਤਮੇ ਲਈ 'ਨਿਗਰਾਨੀ' ਪ੍ਰੋਗਰਾਮ ਲਾਂਚ, ਸਥਾਨਕ ਲੋਕ ਦੇਣਗੇ ਸਹਿਯੋਗ

ਜਲੰਧਰ 1 ਅਗਸਤ। ਪੰਜਾਬ ਪੁਲਸ ਨੇ ਨਸ਼ਿਆਂ ਤੋਂ ਪ੍ਰਭਾਵਿਤ ਖੇਤਰਾਂ 'ਚ ਵਿਸ਼ੇਸ਼ ਪ੍ਰੋਗਰਾਮ ਚਲਾਉਣੇ ਸ਼ੁਰੂ ਕਰ ਦਿੱਤੇ ਹਨ, ਜਿਸ ਦੇ ਤਹਿਤ ਅੱਜ ਬਠਿੰਡਾ 'ਚ ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਨੇ 'ਨਿਗਰਾਨੀ' ਪ੍ਰੋਗਰਾਮ ਲਾਂਚ ਕੀਤਾ ਹੈ। ਗੌਰਵ ਯਾਦਵ ਨੇ ਕਿਹਾ ਕਿ ਪੁਲਸ ਪੁਰਾਣੀਆਂ ਰਵਾਇਤਾਂ ਨੂੰ ਮੁੜ-ਸੁਰਜੀਤ ਕਰਦੇ ਹੋਏ ਭਰੋਸਾ ਬਹਾਲੀ 'ਚ ਲੱਗੀ ਹੋਈ ਹੈ। ਪਿੰਡਾਂ ਦੇ ਰੱਖਿਅਕਾਂ ਨਾਲ ਪੁਲਸ ਹੱਥ ਮਿਲਾ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਹ ਕਹਿੰਦਿਆਂ ਖੁਸ਼ੀ ਹੋ ਰਹੀ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਪੰਜਾਬ ਨੂੰ ਨਸ਼ਾਮੁਕਤ ਸੂਬਾ ਬਣਾਉਣ ਦੇ ਸੰਕਲਪ ਨੂੰ ਦੇਖਦੇ ਹੋਏ ਬਠਿੰਡਾ 'ਚ 'ਨਿਗਰਾਨੀ' ਨਾਂ ਦਾ ਪ੍ਰੋਗਰਾਮ ਚਲਾਉਣ ਦੀ ਪਹਿਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲ ਦਾ ਮਕਸਦ ਰਵਾਇਤੀ ਪੁਲਿਸਿੰਗ ਦੇ ਸਿਧਾਂਤਾਂ ਨੂੰ ਮੁੜ-ਸੁਰਜੀਤ ਕਰਨਾ ਹੈ। ਰਵਾਇਤੀ ਪੁਲਿਸਿੰਗ ਦੇ ਤਹਿਤ ਪੁਲਸ ਅਧਿਕਾਰੀਆਂ ਵੱਲੋਂ ਜਿੱਥੇ ਅਪਰਾਧਾਂ ਨੂੰ ਖਤਮ ਕਰਨ ਲਈ ਰਵਾਇਤੀ ਢੰਗ ਅਪਣਾਏ ਜਾਂਦੇ ਹਨ, ਉਥੇ ਹੀ ਹੁਣ ਮਾਲਵਾ ਦੇ ਬਠਿੰਡਾ 'ਚ ਰਵਾਇਤੀ ਪੁਲਿਸਿੰਗ ਦੇ ਤਰੀਕਿਆਂ ਨੂੰ ਅਪਣਾਇਆ ਜਾ ਰਿਹਾ ਹੈ। ਇਸ ਦੇ ਤਹਿਤ ਪਿੰਡਾਂ ਦੇ ਚੌਕੀਦਾਰਾਂ ਦੀ ਮਦਦ ਨਾਲ ਨਸ਼ਿਆਂ ਦਾ ਖਾਤਮਾ ਕੀਤਾ ਜਾਵੇਗਾ। ਵਰਨਣਯੋਗ ਹੈ ਕਿ ਇਸ ਸਮੇਂ ਨਸ਼ਿਆਂ ਦਾ ਪ੍ਰਕੋਪ ਸਭ

ਤੋਂ ਵੱਧ ਮਾਲਵਾ ਖੇਤਰ 'ਚ ਹੈ ਅਤੇ ਮਾਲਵੇ 'ਚ ਨਿਗਰਾਨੀ ਪ੍ਰੋਗਰਾਮ ਲਾਂਚ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਅਸੀਂ ਪੁਲਿਸਿੰਗ ਨੂੰ ਮਜਬੂਤੀ ਦੇਵਾਂਗੇ ਅਤੇ ਇੰਟੈਲੀਜੈਂਸ ਦੀ ਰਿਪੋਰਟ ਦਾ ਇਕ-ਦੂਜੇ ਨਾਲ ਆਦਾਨ-ਪ੍ਰਦਾਨ ਕਰਾਂਗੇ। ਪੁਲਸ ਨੂੰ ਜਿਵੇਂ ਹੀ ਨਸ਼ਾ ਵੇਚਣ ਵਾਲਿਆਂ ਦੀਆਂ ਸੂਚਨਾਵਾਂ ਮਿਲਣਗੀਆਂ ਤਾਂ ਪੁਲਸ ਵੱਲੋਂ ਤੁਰੰਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਆਪਣੀਆਂ ਗਲੀਆਂ ਤੇ ਮੁਹੱਲਿਆਂ ਨੂੰ ਨਸ਼ੇ ਤੋਂ ਮੁਕਤ ਬਣਾਵਾਂਗੇ ਅਤੇ ਹੌਲੀ-ਹੌਲੀ ਇਸ ਲਹਿਰ ਨੂੰ ਪੂਰੇ ਸੂਬੇ 'ਚ ਫੈਲਾਇਆ ਜਾਵੇਗਾ, ਜਿਸ ਨਾਲ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ 'ਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਪਿੰਡਾਂ 'ਚ ਚੌਕੀਦਾਰ ਪ੍ਰਣਾਲੀ ਕਾਫੀ ਪੁਰਾਣੀ ਹੈ, ਜੋ ਸ਼ੁਰੂ ਤੋਂ ਹੀ ਸੁਰੱਖਿਆ ਦੇ ਕੰਮ 'ਚ ਅਹਿਮ ਭੂਮਿਕਾ ਅਦਾ ਕਰਦੇ ਆ ਰਹੇ ਹਨ। ਇਨ੍ਹਾਂ ਚੌਕੀਦਾਰਾਂ ਦੇ ਕੋਲ ਮਹੱਤਵਪੂਰਨ ਸੂਚਨਾਵਾਂ ਹੁੰਦੀਆਂ ਹਨ। ਇਨ੍ਹਾਂ ਚੌਕੀਦਾਰਾਂ ਦੇ ਨਾਲ ਬਠਿੰਡਾ ਪੁਲਸ ਦੇ ਅਧਿਕਾਰੀਆਂ ਨੇ ਬੈਠਕਾਂ ਵੀ ਕੀਤੀਆਂ ਹਨ। ਇਸ ਨਾਲ ਪਿੰਡਾਂ 'ਚ ਨਸ਼ਿਆਂ 'ਤੇ ਰੋਕ ਲੱਗਣੀ ਸ਼ੁਰੂ ਹੋ ਗਈ ਹੈ ਅਤੇ ਹੌਲੀ-ਹੌਲੀ ਇਸ ਦਾ ਪ੍ਰਸਾਰ ਹੋਰ ਵੀ ਜ਼ਿਲਿਆਂ 'ਚ ਹੋਵੇਗਾ।

ਪੰਜਾਬ ਵਿਚ ਵੱਡੀ ਵਾਰਦਾਤ, ਅੱਧੀ ਰਾਤ ਨੂੰ ਗੰਨ ਹਾਊਸ ਲੁੱਟਣ ਦੀ ਕੋਸ਼ਿਸ਼

ਬਾਘਾਪੁਰਾਣਾ 1 ਅਗਸਤ। ਜ਼ਿਲ੍ਹਾ ਮੋਗਾ ਦੇ ਸਭ-ਡਵੀਜਨ ਬਾਘਾਪੁਰਾਣਾ ਵਿਚ ਬੀਤੀ ਰਾਤ ਚੋਰਾਂ ਵੱਲੋਂ ਇਕ ਗੰਨ ਹਾਊਸ ਵਿਚ ਚੋਰੀ ਕਰਨ ਦੀ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਗੁਰਦੁਆਰਾ ਸਾਹਿਬ ਪੁਰਾਣਾ ਪੱਤੀ ਦੇ ਨਜਦੀਕ ਸਥਿਤ ਖੁਰਾਣਾ ਗੰਨ ਹਾਊਸ 'ਤੇ ਚੋਰਾਂ ਵੱਲੋਂ ਸਟਰ ਤੋੜ ਕੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਸ਼ਟਰ ਨਹੀਂ ਟੁੱਟਿਆ ਜਿਸ ਕਰਕੇ ਗੰਨ ਹਾਊਸ ਮਾਲਕ ਦਾ ਵੱਡਾ ਨੁਕਸਾਨ ਹੋਣ ਤੋਂ ਬਚ ਗਿਆ। ਇਸ ਦੌਰਾਨ ਜਦੋਂ ਗੰਨ ਹਾਊਸ ਦੇ ਮਾਲਕ ਨੇ ਸਵੇਰੇ ਆ ਕੇ ਦੁਕਾਨ ਖੋਲ੍ਹਣ ਸਮੇਂ ਦੇਖਿਆ ਤਾਂ ਸ਼ਟਰ ਦੀਆਂ ਪੱਤੀਆਂ ਤੋੜਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਪੱਤੀਆਂ ਨਹੀਂ ਟੁੱਟੀਆਂ ਜਿਸ ਕਰਕੇ ਨੁਕਸਾਨ ਹੋਣ ਤੋਂ ਬੱਚ ਗਿਆ। ਇਸ ਤੋਂ ਬਾਅਦ ਦੁਕਾਨ ਮਾਲਕਾਂ ਨੇ ਇਸ ਸਬੰਧੀ ਤੁਰੰਤ ਪੁਲਸ ਨੂੰ ਸੂਚਿਤ ਕੀਤਾ। ਜਿਸ ਤੋਂ ਬਾਅਦ ਉਪ ਪੁਲਸ ਕਪਤਾਨ ਦਲਬੀਰ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਜਾਇਜਾ ਲਿਆ। ਪੁਲਸ ਵਲੋਂ ਆਲੇ ਦੁਆਲੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਉਪ ਪੁਲਸ ਕਪਤਾਨ ਨੇ ਕਿਹਾ ਕਿ ਜਲਦ ਹੀ ਚੋਰਾਂ ਨੂੰ ਕਾਬੂ ਕਰਕੇ ਕਾਨੂੰਨ ਦੇ ਹਵਾਲੇ ਕੀਤਾ ਜਾਵੇਗਾ।

ਸਾਈਬਰ ਠੱਗਾਂ ਨੇ ਸ਼ੇਅਰ ਬਾਜਾਰ 'ਚ ਇਨਵੈਸਟ ਕਰਨ ਤੇ ਟੈਲੀਗ੍ਰਾਮ ਚੈਨਲ ਫਾਲੋ ਕਰਨ ਦੇ ਨਾਂ 'ਤੇ ਮਾਰੀ 45 ਲੱਖ ਦੀ ਠੱਗੀ

ਚੰਡੀਗੜ੍ਹ 1 ਅਗਸਤ। ਆਨਲਾਈਨ ਧੋਖਾਧੜੀ ਦੇ ਮਾਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ।

ਅਜਿਹਾ ਹੀ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਸਾਈਬਰ ਠੱਗਾਂ ਨੇ ਨਿਵੇਸ਼ ਅਤੇ ਟੈਲੀਗ੍ਰਾਮ ਚੈਨਲ ਫਾਲੋ ਕਰਨ ਦੇ ਦੋ ਵੱਖ-ਵੱਖ ਮਾਮਲਿਆਂ ਵਿਚ ਹਰਿਆਣਾ ਏ.ਜੀ. ਦੇ ਸੀਨੀਅਰ ਆਡੀਟਰ ਸਮੇਤ ਇਕ ਔਰਤ ਤੋਂ 45 ਲੱਖ ਰੁਪਏ ਠੱਗ ਲਏ। ਦੋਵੇਂ ਹੀ ਮਾਮਲਿਆਂ 'ਚ ਸਾਈਬਰ ਥਾਣਾ ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਅਣਪਛਾਤੇ ਧੋਖੇਬਾਜ਼ਾਂ ਖਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸੈਕਟਰ-63 ਦੀ ਰਹਿਣ ਵਾਲੀ ਨੇਹਾ ਸ਼ਰਮਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ 10 ਮਾਰਚ 2024 ਨੂੰ ਉਸ ਦੇ ਵਟਸਐਪ 'ਤੇ ਘਰ ਤੋਂ ਕੰਮ ਕਰ ਕੇ ਪੈਸੇ ਕਮਾਉਣ ਦੇ ਸਬੰਧ 'ਚ ਮੈਸੇਜ ਆਇਆ ਸੀ। ਦੋਸ਼ਾਂ ਤਹਿਤ ਧੋਖੇਬਾਜ਼ਾਂ ਨੇ ਉਸ ਨੂੰ ਕਿਹਾ ਕਿ ਉਹ ਵਟਸਐਪ ਚੈਨਲ ਫਾਲੋ ਕਰੇ ਅਤੇ ਉਸ ਨੂੰ ਪ੍ਰਤੀ ਚੈਨਲ ਫਾਲੋ ਕਰਨ 'ਤੇ 50 ਰੁਪਏ ਮਿਲਣਗੇ। ਧੋਖੇਬਾਜ਼ਾਂ ਦੇ ਕਹਿਣ 'ਤੇ ਚੈਨਲਾਂ ਨੂੰ ਫਾਲੋ ਕਰਨ 'ਤੇ ਸ਼ਿਕਾਇਤਕਰਤਾ ਨੂੰ ਫੋਨ-ਪੇ ਰਾਹੀਂ ਖਾਤੇ ਵਿਚ 200 ਰੁਪਏ ਪ੍ਰਾਪਤ ਹੋਏ। ਇਸ ਤੋਂ ਬਾਅਦ ਮਲਜ਼ਮਾਂ ਨੇ ਉਸ ਨੂੰ ਇੱਕ ਟੈਲੀਗ੍ਰਾਮ ਗਰੁੱਪ ਵਿਚ ਸ਼ਾਮਲ ਕਰ ਲਿਆ ਅਤੇ ਕਿਹਾ ਕਿ ਜੇਕਰ ਉਹ 2,000 ਰੁਪਏ ਦੇਵੇ ਤਾਂ ਉਸ ਦੇ ਖਾਤੇ ਵਿਚ 2800 ਰੁਪਏ ਵਾਪਸ ਆ ਜਾਣਗੇ। ਸ਼ਿਕਾਇਤਕਰਤਾ ਅਨੁਸਾਰ ਧੋਖੇਬਾਜ਼ਾਂ ਵੱਲੋਂ ਦਿੱਤੇ ਗਏ ਕੰਮ ਨੂੰ ਪੂਰਾ ਕਰਨ ਤੋਂ ਬਾਅਦ ਉਹ ਉਸ ਨੂੰ ਉਨ੍ਹਾਂ ਵੱਲੋਂ ਦਿੱਤੇ ਖਾਤਿਆਂ ਵਿਚ ਪੈਸੇ ਟਰਾਂਸਫਰ ਕਰਨ ਦਾ ਨਿਰਦੇਸ਼ ਦੇਣ ਲੱਗੇ। ਮੁਲਜ਼ਮਾਂ ਦੇ ਕਹਿਣ 'ਤੇ ਉਸ ਨੇ ਉਨ੍ਹਾਂ ਵੱਲੋਂ ਦਿੱਤੇ ਖਾਤਿਆਂ ਵਿਚ ਪੈਸੇ ਟਰਾਂਸਫਰ ਕਰਨੇ ਸ਼ੁਰੂ ਕਰ ਦਿੱਤੇ, ਪਰ ਉਸ ਨੂੰ ਕੋਈ ਰਿਟਰਨ ਨਹੀਂ ਮਿਲਿਆ। ਮੁਲਜ਼ਮ ਹਰ ਵਾਰ ਸ਼ਿਕਾਇਤਕਰਤਾ ਨੂੰ ਭਰੋਸਾ ਦਿੰਦੇ ਕਿ ਕੰਮ ਪੂਰਾ ਹੋਣ ਤੋਂ ਬਾਅਦ ਉਸ ਨੂੰ ਉਸ ਦੇ ਸਾਰੇ ਪੈਸੇ ਮੁਨਾਫੇ ਸਮੇਤ ਮਿਲ ਜਾਣਗੇ। ਇਸ ਤਰ੍ਹਾਂ ਠੱਗਾਂ ਦੀਆਂ ਗੱਲਾਂ 'ਚ ਆ ਕੇ ਸ਼ਿਕਾਇਤਕਰਤਾ ਨੇ ਮੁਲਜ਼ਮਾਂ ਦੇ ਖਾਤੇ 'ਚ ਕੁੱਲ 37 ਲੱਖ ਰੁਪਏ ਜਮ੍ਹਾ ਕਰਵਾ ਦਿੱਤੇ, ਪਰ ਨਾ ਤਾਂ ਉਸ ਨੂੰ ਕੋਈ ਲਾਭ ਮਿਲਿਆ ਅਤੇ ਨਾ ਹੀ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਮਿਲੀ। ਜਿਸ ਤੋਂ ਬਾਅਦ ਉਸ ਨੇ ਪੁਲਸ ਨੂੰ ਮਾਮਲੇ ਦੀ ਸ਼ਿਕਾਇਤ ਦਿੱਤੀ। ਸਾਈਬਰ ਥਾਣਾ ਪੁਲਸ ਨੇ ਪੀੜਤਾ ਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਕਰਨ ਤੋਂ ਬਾਅਦ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੈਕਟਰ-41 ਦੇ ਵਸਨੀਕ ਕੁਲਦੀਪ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਸੈਕਟਰ-33 ਸਥਿਤ ਹਰਿਆਣਾ ਏ.ਜੀ. ਦਫ਼ਤਰ ਵਿਚ ਕੰਮ ਕਰ ਰਿਹਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਉਸ ਨੇ ਦੱਸਿਆ ਕਿ 14 ਮਾਰਚ 2024 ਨੂੰ ਉਸ ਨੂੰ ਵਟਸਐਪ 'ਤੇ ਇਕ ਮੈਸੇਜ ਆਇਆ। ਜਿਸ ਵਿਚ ਕਿਹਾ ਗਿਆ ਸੀ ਕਿ ਜੇਕਰ ਉਹ ਉਨ੍ਹਾਂ ਵੱਲੋਂ ਨਿਰਧਾਰਤ ਸ਼ੇਅਰਾਂ ਵਿਚ ਆਨਲਾਈਨ ਨਿਵੇਸ਼ ਕਰਨਗੇ ਤਾਂ ਉਨ੍ਹਾਂ ਨੂੰ ਵੱਧ ਮੁਨਾਫ਼ਾ ਮਿਲੇਗਾ। ਧੋਖੇਬਾਜ਼ਾਂ ਨੇ ਉਸ ਦਾ ਮੁੱਢਲਾ ਖਾਤਾ ਖੋਲ੍ਹਿਆ ਅਤੇ ਆਪਣੇ ਬੈਂਕ ਖਾਤੇ ਦਾ ਬਿਓਰਾ ਉਸ ਨੂੰ ਭੇਜ ਦਿੱਤਾ। ਇਸ 'ਤੇ ਸ਼ਿਕਾਇਤਕਰਤਾ ਨੇ ਧੋਖੇਬਾਜ਼ਾਂ ਦੇ ਕਹਿਣ 'ਤੇ ਆਨਲਾਈਨ ਸ਼ੇਅਰਾਂ 'ਚ ਪੈਸੇ ਲਗਾਉਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਪੀੜਤ ਨੇ ਧੋਖੇਬਾਜ਼ਾਂ ਵੱਲੋਂ ਦਿੱਤੇ ਵੱਖ-ਵੱਖ ਖਾਤਿਆਂ 'ਚ ਕੁੱਲ 8.75 ਲੱਖ ਰੁਪਏ ਟਰਾਂਸਫਰ ਕਰ ਦਿੱਤੇ, ਪਰ ਸ਼ਿਕਾਇਤਕਰਤਾ ਨੂੰ ਨਾ ਤਾਂ ਕੋਈ ਲਾਭ ਮਿਲਿਆ ਅਤੇ ਨਾ ਹੀ ਉਸ ਵੱਲੋਂ ਲਗਾਏ ਗਏ ਪੈਸੇ ਵਾਪਸ ਮਿਲੇ। ਇਸ ਮਾਮਲੇ 'ਚ ਸਾਈਬਰ ਥਾਣਾ ਪੁਲਸ ਨੇ ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਖਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਕ ਕਿੱਲੋਗ੍ਰਾਮ ਅਫੀਮ ਸਮੇਤ ਔਰਤ ਮੁਲਜਮ ਗ੍ਰਿਫ਼ਤਾਰ

ਰਾਮਪੁਰਾ ਫੂਲ 1 ਅਗਸਤ। ਦੀਪਕ ਪਾਰਿਕ ਆਈ. ਪੀ. ਸੀ. ਸੀਨੀਆਰ ਕਪਤਾਨ ਪੁਲਸ ਬਠਿੰਡਾ ਦੀ ਯੋਗ ਅਗਵਾਈ ਹੇਠ ਅਜੇ ਗਾਂਧੀ ਆਈ. ਪੀ. ਐੱਸ, ਐੱਸ. ਪੀ. ਡੀ. ਬਠਿੰਡਾ ਦੇ ਦਿਸਾ-

ਨਿਰਦੇਸਾਂ ਹੇਠ ਪੁਲਸ ਥਾਣਾ ਸਿਟੀ ਰਾਮਪੁਰਾ ਦੇ ਇੰਸਪੈਕਟਰ ਜਗਦੀਪ ਸਿੰਘ ਮੁੱਖ ਅਫਸਰ ਥਾਣਾ ਸਿਟੀ ਰਾਮਪੁਰਾ ਦੀ ਟੀਮ ਨੇ ਨਸਾ ਤਸਕਰਾਂ ਖ਼ਿਲਾਫ ਮੁੱਕਦਮਾ ਦਰਜ ਕਰਕੇ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਪ੍ਰਿਤਪਾਲ ਸਿੰਘ ਪੀ. ਪੀ. ਐੱਸ. ਉੱਪ ਕਪਤਾਨ ਪੁਲਸ ਫੂਲ ਨੇ ਦੱਸਿਆ ਕਿ ਇਸ. ਜਗਦੀਪ ਸਿੰਘ ਮੁੱਖ ਅਫਸਰ ਥਾਣਾ ਸਿਟੀ ਰਾਮਪੁਰਾ ਦੀ ਹਦਾਇਤ ਪਰ ਮਿਤੀ 27.07.2024 ਨੂੰ ਸ:ਥ ਨਵਯੁਗਦੀਪ ਸਿੰਘ ਨੇ ਸਮੇਤ ਪੁਲਸ ਪਾਰਟੀ ਗਸਤ ਬਾ ਚੈਕਿੰਗ ਦੋਰਾਣੇ ਨੇੜੇ ਦਾਣਾ ਮੰਡੀ ਮਹਿਰਾਜ ਤੋਂ ਗੁਰਜੀਤ ਕੌਰ ਪਤਨੀ ਗੁਰਜੰਟ ਸਿੰਘ ਉਰਫ ਚਰਿਆੜਾ ਵਾਸੀ ਨੇੜੇ ਦਾਣਾ ਮੰਡੀ ਪੱਤੀ ਕਾਲਾ ਮਹਿਰਾਜ ਜ਼ਿਲ੍ਹਾ ਬਠਿੰਡਾ, ਸੱਤੂ ਮਾਲਵੀਆ ਪੁੱਤਰ ਕੰਵਰ ਲਾਲ ਮਾਲਵੀਆ ਅਤੇ ਕੁਲਦੀਪ ਮਾਲਵੀਆਂ ਪੁੱਤਰ ਰਾਮ ਪਾਲ ਮਾਲਵੀਆ ਵਾਸੀਆਨ ਪਿਪਲੀਆਂ ਹਾੜੀ ਥਾਣਾ ਮਨਾਸਾ ਜ਼ਿਲ੍ਹਾ ਨੀਮਚ ਮੱਧ ਪ੍ਰਦੇਸ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋ ਇਕ ਕਿੱਲੋਗ੍ਰਾਮ ਅਫੀਮ ਬਰਾਮਦ ਕੀਤੀ ਹੈ, ਜਿਸ 'ਤੇ ਮੁੱਕਦਮਾ ਨੰਬਰ 85 ਮਿਤੀ 27.07.2024 ਅ/ਧ 18ਬੀ/61/85 ਐੱਨ. ਡੀ. ਪੀ. ਐੱਸ. ਥਾਣਾ ਸਿਟੀ ਰਾਮਪੁਰਾ ਵਿਖੇ ਦਰਜ ਰਜਿਸਟਰ ਕੀਤਾ ਗਿਆ ਅਤੇ ਦੋਸੀਆਂ ਨੂੰ ਹਸਬ ਜਾਬਤਾ ਅਨੁਸਾਰ ਗ੍ਰਿਫਤਾਰ ਕੀਤਾ ਗਿਆ। ਦੋਸੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ ਕਰਕੇ ਪੁਲਸ ਰਿਮਾਂਡ ਲਿਆ ਜਾਵੇਗਾ ਅਤੇ ਹੋਰ ਡੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ, ਤਾਂ ਜੋ ਨਸਾ ਵੇਚਣ ਵਾਲੇ ਸਮੱਗਲਰਾਂ ਨੂੰ ਕਾਬੂ ਕੀਤਾ ਜਾ ਸਕੇ।

ਸੁੰਤਤਰਤਾ ਸੈਨਾਨੀ ਗੁਰਚਰਨ ਸਿੰਘ ਲਾਧੂਪੁ

ਕੁਝ ਕਹਿੰਦੀ ਐ ਤਸਵੀਰ...

• ਭੀਮ ਪਾਤੜਾਂ

ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।

ਮਰਵਾ ਦਿੱਤਾ ਅੰਗਰੇਜ਼ੀ ਨੇ

ਵਿਅੰਗ

• ਡਾ. ਫ਼ਕੀਰ ਚੰਦ ਸ਼ੁਕਲਾ
98153-59222

ਡਾਕਟਰ ਨੇ ਸਟੈਥੋਸਕੋਪ ਨਾਲ ਮੇਰੇ ਦਿਲ ਦੀ ਧੜਕਣ ਵੇਖੀ। ਮੇਰੀ ਬਾਂਹ 'ਤੇ ਇਕ ਪਟਾ ਜਿਹਾ ਲਪੇਟ ਦਿੱਤਾ ਤੇ ਇਕ ਮਸ਼ੀਨ ਰਾਹੀਂ ਮੇਰਾ ਬਲੱਡ ਪਰੈਸ਼ਰ ਅਤੇ ਪਲਸ ਰੇਟ ਨੂੰ ਵੀ ਮਾਪਿਆ...

ਮੈਲਬੌਰਨ (ਆਸਟ੍ਰੇਲੀਆ) ਆਇਆਂ ਹਾਲੇ ਮੈਨੂੰ ਥੋੜ੍ਹਾ ਚਿਰ ਹੀ ਹੋਇਆ ਸੀ। ਪਤਾ ਨਹੀਂ ਕਿਉਂ ਭੁਖ ਦਿਨਾਂ ਤੋਂ ਮੈਨੂੰ ਕੁਝ ਜ਼ਿਆਦਾ ਹੀ ਠੰਢ ਮਹਿਸੂਸ ਹੋਣ ਲੱਗੀ ਸੀ ਤੇ ਹਰ ਵੇਲੇ ਕਾਂਬਾ ਜਿਹਾ ਛਿੜਿਆ ਰਹਿੰਦਾ। ਭਾਵੇਂ ਘਰ ਵਿਚ ਇੰਟਰਨਲ ਹੀਟਿੰਗ ਦਾ ਬੰਦੋਬਸਤ ਸੀ, ਪਰ ਮੈਂ ਸਾਰਾ ਦਿਨ ਘਰੇ ਤਾਂ ਨਹੀਂ ਬੈਠੇ ਰਹਿਣਾ ਸੀ। ਕੰਮਕਾਜ ਵੀ ਤਾਂ ਕਰਨਾ ਸੀ ਤੇ ਜ਼ਿਆਦਾ ਹੀਟਿੰਗ ਦਾ ਵਾਧੂ ਬਿੱਲ ਵੀ ਤਾਂ ਮੈਨੂੰ ਹੀ ਭਰਨਾ ਪੈਣਾ ਸੀ।

ਮੈਂ ਕਿੰਨੇ ਸਾਰੇ ਕੱਪੜੇ ਪਾ ਲਏ ਪਰ ਇਸ ਤਰ੍ਹਾਂ ਤੁਰਨ ਵੇਲੇ ਔਖਿਆਈ ਹੁੰਦੀ ਸੀ ਅਤੇ ਥੋੜ੍ਹਾ ਤੁਰਨ ਮਗਰੋਂ ਹੀ ਸਾਹ ਚੜ੍ਹ ਜਾਂਦਾ। ਆਖ਼ਰਕਾਰ ਮੈਂ ਬੌਰਨਬਰੀ ਦੇ ਲਾਗੇ ਇਕ ਫਾਰਮੇਸੀ 'ਤੇ ਦਵਾਈ ਲੈਣ ਚਲਾ ਗਿਆ, ਪਰ ਕਾਊਂਟਰ 'ਤੇ ਖੜ੍ਹੀ ਗੋਰੀ ਕੁੜੀ ਨੇ ਡਾਕਟਰ ਦੀ ਪਰਿਸਕਰਿਪਸ਼ਨ ਤੋਂ ਬਿਨਾਂ ਦਵਾਈ ਦੇਣ ਤੋਂ ਨਾਂਹ ਕਰ ਦਿੱਤੀ। ਮੈਂ ਡੰਡਾਸ ਸਟ੍ਰੀਟ, ਮੁਰਰੇ ਰੋਡ ਅਤੇ ਹਾਈਵੇਅ ਸਟਰੀਟ 'ਤੇ ਸਥਿਤ ਫਾਰਮੇਸੀਆਂ 'ਤੇ ਵੀ ਗਿਆ, ਪਰ ਕੋਈ ਵੀ ਦੁਆਈ ਦੇਣ ਲਈ ਨਹੀਂ ਮੰਨਿਆ।

ਮੈਨੂੰ ਬੜੀ ਖਿਝ ਆਈ। ਲੈ ਹੁਣ ਐਨੀ ਕੁ ਗੱਲ ਲਈ ਡਾਕਟਰ ਕੋਲ ਜਾਣਾ ਪਵੇਗਾ? ਲੁਧਿਆਣੇ ਹੁੰਦਾ ਤਾਂ ਲੋਕਾਂ ਨੇ ਹੀ ਬਥੇਰੀਆਂ ਦਵਾਈਆਂ ਦੱਸ ਦੇਣੀਆਂ ਸਨ, ਨਹੀਂ ਤਾਂ ਕੈਮਿਸਟ ਨੇ ਆਪੇ ਦੇ ਦੇਣੀ ਸੀ।

ਵਾਕਿਫ਼ ਬੰਦਿਆਂ ਤੋਂ ਪਤਾ ਲੱਗਿਆ ਕਿ ਔਖੇ ਤਾਂ ਡਾਕਟਰ ਤੋਂ ਪਹਿਲਾਂ ਸਮਾਂ ਲੈਣਾ ਪੈਂਦਾ ਹੈ। ਇਹ ਨਹੀਂ ਕਿ ਜਦੋਂ ਜੀਅ ਕੀਤਾ ਮੂੰਹ ਚੁੱਕ ਕੇ ਤੁਰ ਪਏ।

ਇਕ ਚੀਨੀ ਡਾਕਟਰ ਗਾਵਰ ਸਟਰੀਟ 'ਤੇ ਸੀ। ਉਸ ਬਾਰੇ ਕਹਿੰਦੇ ਸੀ ਕਿ ਉਹ ਹੋਰਾਂ ਦੇ ਮੁਕਾਬਲੇ 'ਚ ਘੱਟ ਡਾਲਰ ਲੈਂਦਾ ਹੈ। ਫੋਨ ਕਰ ਕੇ ਪਤਾ ਕੀਤਾ। ਉਸ ਕੋਲ ਤਾਂ ਰਾਤ ਤਕ ਵਾਰੀ ਨਹੀਂ ਆਉਣੀ ਸੀ ਪਰ ਹਾਈਵੇਅ ਵਾਲੇ ਡਾਕਟਰ ਨੇ ਗਿਆਰ੍ਹਾਂ ਵਜੇ ਦਾ ਸਮਾਂ ਦੇ ਦਿੱਤਾ।

ਮੈਂ ਸਮੇਂ ਸਿਰ ਉਸ ਦੀ ਕਲੀਨਿਕ 'ਤੇ ਜਾ ਪੁੱਜਾ। ਡਾਕਟਰ ਨੇ ਆਪਣਾ ਪਰੀਚੈ ਮੈਨੂੰ ਦਿੱਤਾ ਤੇ ਪੁੱਛਿਆ ਕਿ ਉਹ ਮੇਰੇ ਲਈ ਕੀ ਕਰ ਸਕਦਾ ਹੈ।

'ਡਾਕਟਰ ਆਈ'ਮ ਫੀਲਿੰਗ ਕੋਲਡ' ਮੈਂ ਉਸ ਨੂੰ ਦੱਸਿਆ ਤਾਂ ਉਸ ਨੇ ਮੈਨੂੰ ਫੇਰ ਪੁੱਛਿਆ -'ਕਦੋਂ ਤੋਂ..?'

'ਜੀ, ਤਿੰਨ-ਚਾਰ ਦਿਨ ਤਾਂ ਹੋ ਹੀ ਗਏ'।

'ਕੀ ਥੋਡਾ ਨੱਕ ਬੰਦ ਰਹਿੰਦੈ ਜਾਂ ਵਗਦੈ।' ਉਸ ਫੇਰ ਪੁੱਛਿਆ।

'ਨੋ ਡਾਕਟਰ'।

'ਛਿੱਕਾਂ ਆਉਂਦੀਆਂ ਨੇ?'

'ਨੋ ਸਰ'।

'ਗਲੇ 'ਚ ਖਰਾਸ ਜਾਂ ਦਰਦ..?'

'ਨਹੀਂ ਡਾਕਟਰ'।

'ਖਾਂਸੀ ਆਉਂਦੀ ਐ? ਬਲਗਮ ਤਾਂ ਨਹੀਂ ਨਿਕਲਦੀ?'

'ਨਹੀਂ ਡਾਕਟਰ ਸਾਹਿਬ, ਅਜਿਹਾ ਤਾਂ ਕੁਝ ਵੀ ਨਹੀਂ ਹੁੰਦਾ'। ਮੇਰੇ ਇੰਝ ਆਖਣ 'ਤੇ ਡਾਕਟਰ ਜਿਵੇਂ ਕੁਝ ਸੋਚਣ ਲੱਗਾ ਸੀ, ਮੈਂ ਵੀ ਸੋਚੀਂ ਪੈ ਗਿਆ ਸੀ। ਕਿਤੇ ਡਾਕਟਰ ਮੇਰੇ 'ਕੋਲਡ' ਆਖਣ ਨੂੰ ਜ਼ੁਕਾਮ ਤਾਂ ਨਹੀਂ ਸਮਝ ਰਿਹਾ। ਪਰ ਜ਼ੁਕਾਮ ਨੂੰ ਤਾਂ ਅੰਗਰੇਜ਼ੀ ਵਿਚ 'ਬੈਡ ਕੋਲਡ' ਆਖਦੇ ਹਨ, ਮੈਂ ਸੋਚਿਆ।

ਡਾਕਟਰ ਨੇ ਸਟੈਥੋਸਕੋਪ ਨਾਲ ਮੇਰੇ ਦਿਲ ਦੀ ਧੜਕਣ ਵੇਖੀ। ਮੇਰੀ ਬਾਂਹ 'ਤੇ ਇਕ ਪਟਾ ਜਿਹਾ ਲਪੇਟ ਦਿੱਤਾ ਤੇ ਇਕ ਮਸ਼ੀਨ ਰਾਹੀਂ ਮੇਰਾ ਬਲੱਡ ਪਰੈਸ਼ਰ ਅਤੇ ਪਲਸ ਰੇਟ ਵੀ ਮਾਪਿਆ। ਉਸ ਕੁਝ ਹੋਰੇ ਤਰ੍ਹਾਂ ਦਾ ਥਰਮਾਮੀਟਰ ਮੇਰੇ ਕੰਨ ਵਿਚ ਲਾ ਕੇ ਟੈਂਪਰੇਚਰ ਨੋਟ ਕੀਤਾ। ਮੇਰੇ ਲਈ ਹੈਰਾਨੀ ਵਾਲੀ ਗੱਲ ਸੀ ਕਿ ਟੈਂਪਰੇਚਰ ਕੰਨ ਰਾਹੀਂ ਵੀ ਵੇਖਿਆ ਜਾਂਦਾ ਹੈ।

ਤੇ ਮੈਂ ਇਹ ਸੋਚਦਿਆਂ ਕਿ ਡਾਕਟਰ ਕਿਤੇ ਮੈਨੂੰ ਜ਼ੁਕਾਮ ਹੋਇਆ ਤਾਂ ਨਹੀਂ ਸਮਝ ਰਿਹਾ, ਮੁੜ ਆਖਿਆ-'ਆਈ ਡੋਂਟ ਹੈਵ ਕੋਲਡ, ਬਟ ਫੀਲਿੰਗ ਕੋਲਡ।'

'ਸੌਰੀ ਮੈਨੂੰ ਸਮਝ ਨਹੀਂ ਆ ਰਿਹਾ ਤੁਸੀਂ ਕੀ ਕਹਿ ਰਹੇ ਹੋ।' ਡਾਕਟਰ ਬੋਲਿਆ-'ਪਲੀਜ ਟਰਾਈ ਟੂ ਐਕਸਪਲੇਨ ਪਰੈਪਰਲੀ' (ਮੈਨੂੰ ਚੰਗੀ ਤਰ੍ਹਾਂ ਸਮਝਾਓ)

ਮੈਂ ਸੋਚਿਆ ਠੰਢ ਦੀ ਅੰਗਰੇਜ਼ੀ 'ਕੋਲਡ' ਸ਼ਾਇਦ ਇਸ ਨੂੰ ਸਮਝ ਨਹੀਂ ਆਈ। ਮੈਨੂੰ ਕਈ ਵਾਰੀ ਕਾਂਬਾ ਜਿਹਾ ਵੀ ਲੱਗਦਾ ਸੀ। ਇਸ ਲਈ ਮੈਂ ਝੱਟ ਆਖਿਆ-'ਆਈ'ਮ ਸ਼ਿਵਰਿੰਗ ਆਲਸੋ।'(ਮੈਨੂੰ ਕਾਂਬਾ ਵੀ ਲੱਗਦੈ)

'ਔਹ ਆਈ ਸੀ' ਡਾਕਟਰ ਨੇ ਮੈਨੂੰ ਬੈੱਡ 'ਤੇ ਲੇਟਣ ਦਾ ਇਸ਼ਾਰਾ ਕੀਤਾ।

'ਤੁਸੀਂ ਕਦੇ ਬਲੱਡ ਟੈਸਟ ਕਰਵਾਇਐ?'

'ਹਾਂ ਜੀ, ਡਾਕਟਰ'।

'ਹੀਮੋਗਲੋਬਿਨ ਕਿੰਨੀ ਸੀ?'

'ਜੀ ਪੂਰੀ ਤਰ੍ਹਾਂ ਤਾਂ ਚੇਤੇ ਨੀ, ਪਰ ਵਾਹਵਾ ਸੀ' ਮੈਂ ਦੱਸਿਆ।

'ਤੁਸੀ ਵੈੱਜ ਹੋ ਜਾਂ ਨੌਨ ਵੈੱਜ?'

'ਜੀ ਮੈਂ ਤਾਂ ਪੱਕਾ ਵੈਜੀਟੇਰੀਅਨ ਹਾਂ। ਆਂਡਾ ਵੀ ਨਹੀਂ ਖਾਂਦਾ'।

'ਤੁਹਾਨੂੰ ਬਲੱਡ ਟੈਸਟ ਕਰਵਾਉਣਾ ਚਾਹੀਦਾ। ਕਮਜ਼ੋਰੀ ਕਰਕੇ ਵੀ ਜ਼ਿਆਦਾ ਠੰਢ ਮਹਿਸੂਸ ਹੋਣ ਲੱਗਦੀ ਹੈ। ਨਾਲੇ ਵੈਜੀਟੇਰੀਅਨ ਲੋਕਾਂ ਵਿਚ ਆਮ ਤੌਰ 'ਤੇ ਹਿਮੋਗਲੋਬਿਨ ਦੀ ਘਾਟ ਹੁੰਦੀ ਹੈ।' ਡਾਕਟਰ ਨੇ ਆਪਣੀ ਰਾਇ ਦੱਸੀ।

ਉਸ ਮੇਰੀਆਂ ਉਂਗਲਾਂ ਦੇ ਨਹੁੰ, ਜੀਭ ਅਤੇ ਅੱਖਾਂ ਦੀਆਂ ਪਲਕਾਂ ਦਾ ਅੰਦਰਲਾ ਪਾਸਾ ਚੈੱਕ ਕੀਤਾ।

ਮੈਂ ਬੈੱਡ 'ਤੇ ਲੰਮਾ ਪੈ ਗਿਆ ਸੀ। ਉਸ ਮੇਰੇ ਸਰੀਰ 'ਤੇ ਕਈ ਥਾਵਾਂ 'ਤੇ ਹੱਥ ਨਾਲ ਦਬਾ ਕੇ ਪੁੱਛਿਆ ਕਿ ਉੱਥੇ ਦਰਦ ਤਾਂ ਨਹੀਂ ਹੁੰਦਾ। ਹੱਥ ਫੇਰਦਿਆਂ-ਫੇਰਦਿਆਂ ਉਸ ਨੇ ਹੱਥ ਨਾਲ ਜਦੋਂ ਮੇਰੀ ਛਾਤੀ ਤੇ ਦਿਲ ਦੇ ਲਾਗੇ ਦੱਬਿਆ ਤਾਂ ਮੇਰੇ ਮੂੰਹ 'ਚੋਂ 'ਹਾਇ' ਨਿਕਲ ਗਈ।

'ਕੀ ਔਥੇ ਦਰਦ ਹੁੰਦੈ?' ਮੇਰੇ ਚਿਹਰੇ ਦੇ ਭਾਵ ਪੜ੍ਹਦਿਆਂ ਉਸ ਪੁੱਛਿਆ।

'ਜੀ ਹਾਂ'

'ਕਦੋਂ ਤੋਂ?'

'ਕੁਝ ਦਿਨਾਂ ਤੋਂ'। ਮੈਂ ਆਖ ਤਾਂ ਦਿੱਤਾ ਪਰ ਉਸੇ ਵੇਲੇ ਮੈਨੂੰ ਖ਼ਿਆਲ ਆਇਆ ਕਿ ਮੇਰੀ ਛਾਤੀ 'ਤੇ ਤਾਂ ਵਾਲ ਤੋੜ ਹੋਇਆ ਹੈ। ਇਸ ਲਈ ਡਾਕਟਰ ਦੇ ਦੱਬਣ ਨਾਲ ਪੀੜ ਹੋਈ ਸੀ। ਮੈਂ ਡਾਕਟਰ ਨੂੰ ਇਹ ਦੱਸਣਾ ਚਾਹੁੰਦਾ ਸਾਂ ਪਰ ਮੈਥੋਂ ਵਾਲ ਤੋੜ ਦੀ ਅੰਗਰੇਜ਼ੀ ਹੀ ਨਹੀਂ ਬਣ ਰਹੀ ਸੀ। ਮੈਂ ਹਾਲੇ ਸੋਚੀਂ ਹੀ ਪਿਆ ਹੋਇਆ ਸੀ ਕਿ ਉਸ ਮੈਨੂੰ ਫੇਰ ਪੁੱਛ ਲਿਆ-'ਜਦੋਂ ਦਰਦ ਹੁੰਦੈ ਤਾਂ ਕੀ ਖੱਬੀ ਬਾਂਹ ਵੱਲ ਵੀ ਜਾਂਦੈ?'

'ਜੀ, ਕਦੇ ਕਦਾਈ ਇੰਜ ਵੀ ਹੁੰਦਾ ਹੈ।'

ਪਰ ਉਸੇ ਵੇਲੇ ਮੈਨੂੰ ਖਿਆਲ ਆਇਆ ਕਿ ਬਾਂਹ 'ਚ ਪੀੜ ਤਾਂ ਇਸ ਕਰਕੇ ਹੋ ਜਾਂਦੀ ਹੈ, ਕਿਉਂਕਿ ਮੈਨੂੰ ਸੌਣ ਵੇਲੇ ਸਿਰ ਹੇਠਾਂ ਬਾਂਹ ਲੈਣ ਦੀ ਆਦਤ ਹੈ। ਪਰ ਹਾਲੇ ਮੈਂ ਅੰਗਰੇਜ਼ੀ ਬਣਾ ਵੀ ਨਹੀਂ ਸਕਿਆ ਸੀ ਕਿ ਡਾਕਟਰ ਨੇ ਕੁਝ ਟੈਸਟ ਕਰਵਾਉਣ ਦੀ ਸਲਾਹ ਦਿੱਤੀ।

ਮੈਂ ਸੋਚਣ ਲੱਗਾ ਕਿ ਕਿਤੇ ਮੇਰੇ ਵਾਲ ਤੋੜ ਅਤੇ ਬਾਂਹ ਵਿਚ ਹੁੰਦੀ ਪੀੜ ਕਰਕੇ ਡਾਕਟਰ ਹਾਰਟ ਪ੍ਰਾਬਲਮ ਨਾਲ ਤਾਂ ਨਹੀਂ ਮੇਲ ਰਿਹਾ।

ਮੈਂ ਆਪਣੇ ਵੱਲੋਂ ਉਸ ਨੂੰ ਅੰਗਰੇਜ਼ੀ ਵਿਚ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਫ਼ਾਇਦਾ ਨਾ ਹੋਇਆ।

ਮੈਨੂੰ ਡਾਕਟਰ 'ਤੇ ਖਿਝ ਵੀ ਆ ਰਹੀ ਸੀ। ਇਹ ਕਿੰਦਾ ਦਾ ਡਾਕਟਰ ਹੈ ਜਿਹੜਾ ਐਨੀ ਗੱਲ ਵੀ ਨਹੀਂ ਸਮਝ ਸਕਦਾ। ਅਚਾਨਕ ਹੀ ਮੈਨੂੰ ਆਪਣੇ ਪਿੰਡ ਖਿਜ਼ਰਾਬਾਦ 'ਚ ਪੜ੍ਹਨ ਵੇਲੇ ਦੇ ਦਿਨ ਚੇਤੇ ਆ ਗਏ। ਸਾਨੂੰ ਪੜ੍ਹਾਉਣ ਵਾਲੇ ਗਿਆਨੀ ਜੀ ਪੜ੍ਹਾਉਂਦੇ ਤਾਂ ਪੰਜਾਬੀ ਸਨ ਪਰ ਅੰਗਰੇਜ਼ੀ ਨੂੰ ਵੀ ਲੋੜੋਂ ਵੱਧ ਮੂੰਹ ਮਾਰਦੇ ਸਨ।

ਗਿਆਨੀ ਜੀ ਕਿਸੇ ਮੁੰਡੇ ਨੂੰ ਕਿਤੇ ਜਾਣ ਲਈ ਆਖਦੇ ਤੇ ਜੇ ਉਹ ਰਤਾ ਕੁ ਵੀ ਨਾਂਹ ਨੁੱਕਰ ਕਰਦਾ ਤਾਂ ਉਹ ਝੱਟ ਅੰਗਰੇਜ਼ੀ ਵਿਚ ਆਖਦੇ-'ਯੂ ਗੋ, ਨੌਟ ਗੋ, ਵਟ ਮਾਈ ਗੋ' ਯਾਨੀ ਜਾਣੈਂ ਜਾਹ, ਨਹੀਂ ਜਾਣੈਂ ਨਾ ਜਾਹ, ਮੈਨੂੰ ਕੀ'।

ਜਾਰੀ..

ਚੰਗਾ ਨਹੀਂ ਕੀਤਾ

• ਭੁਪਿੰਦਰ ਸਿੰਘ ਮਾਨ
94170-81419

ਖ਼ੂਬਸੂਰਤ ਨਿਊਜ਼ ਰੀਡਰ ਨੇ ਮੁੱਖ ਖ਼ਬਰਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਕਰਮਜੀਤ ਬੇਧਿਆਨੀ ਨਾਲ ਉਨ੍ਹਾਂ ਨੂੰ ਸੁਣ ਰਿਹਾ ਸੀ। ਪ੍ਰਧਾਨ ਮੰਤਰੀ ਨੇ ਇਹ ਕਿਹਾ, ਮੁੱਖ ਮੰਤਰੀ ਨੇ ਉਹ ਕਿਹਾ, ਫਲਾਨੇ ਲੀਡਰ ਨੇ ਇਹ ਕਿਹਾ। ਉਸ ਨੇ ਸੋਚਿਆ ਉਹ ਹੀ ਰੋਜ਼ਾਨਾ ਦੀ ਨਾਟਕਬਾਜ਼ੀ...

ਕਰਮਜੀਤ ਦਾ ਮੂਡ ਅੱਜ ਬੜਾ ਵਧੀਆ ਸੀ। ਉਹ ਆਪਣਾ ਮਨਪਸੰਦ ਗੀਤ ਗੁਣ ਗੁਣਾ ਰਿਹਾ ਸੀ। ਮੋਰਚਾ ਹੀ ਵੱਡਾ ਫ਼ਤਹਿ ਕੀਤਾ ਸੀ। ਭਾਈ ਕੇ ਪਿੰਡ ਵਿਚ ਸ਼ਾਹੂਕਾਰ ਵੱਲੋਂ ਲਿਆਂਦੀ ਕੁਰਕੀ ਨੂੰ ਵੱਡੇ ਸੰਘਰਸ਼ ਬਾਅਦ ਨਾ ਕੇਵਲ ਅਸਫਲ ਬਣਾਇਆ ਸੀ, ਸਗੋਂ ਦੋਹਾਂ ਧਿਰਾਂ ਵਿਚ ਸਮਝੌਤਾ ਵੀ ਕਰਵਾ ਦਿੱਤਾ ਸੀ। ਨਹਾ ਕੇ ਉਹ ਟੀਵੀ ਮੂਹਰੇ ਆ ਬੈਠਿਆ। ਕਾਕਾ ਗੀਤ ਸੁਣੀ ਜਾਂਦਾ ਸੀ। 'ਕਦੇ ਪੜ੍ਹ ਵੀ ਲਿਆ ਕਰ ਸਾਰਾ ਦਿਨ ਆਹ ਲੜਨ ਲੜਾਉਣ ਵਾਲੇ ਗੀਤ ਸੁਣਦਾ ਰਹਿਨੈਂ'। ਉਸ ਨੇ ਕਾਕੇ ਨੂੰ ਕਿਹਾ ਤਾਂ ਉਹ ਰੀਮੋਟ ਰੱਖ ਕੇ ਅੰਦਰ ਭੱਜ ਗਿਆ। ਉਸ ਨੇ ਆਪਣੀ ਘਰ ਵਾਲੀ ਨੂੰ ਆਵਾਜ਼ ਮਾਰੀ, ਲਿਆ ਬਈ ਰੋਟੀ, ਰਸੋਈ ਵਿੱਚੋਂ ਮੋੜਵਾਂ ਉੱਤਰ ਆਇਆ, 'ਆਈ ਜੀ'।ਉਹਨੇ ਟਾਈਮ ਦੇਖਿਆ ਸੱਤ ਵੱਜ ਕੇ ਪੰਜ ਮਿੰਟ ਹੋਏ ਸੀ। ਚਲੋ ਸਾਢੇ ਸੱਤ ਵਾਲੀਆਂ ਖ਼ਬਰਾਂ ਦੇਖਦੇ ਹਾਂ।ਉਸ ਨੇ ਸੋਚਦਿਆਂ ਟੀਵੀ ਖ਼ਬਰਾਂ ਵਾਲੇ ਚੈਨਲ 'ਤੇ ਲਾ ਲਿਆ। ਗੁੱਡੀ ਰੋਟੀ ਵਾਲੀ ਥਾਲੀ ਲੈ ਆਈ। ਉਸ ਨੇ ਦਾਲ ਵਿਚ ਪਿਆ ਘਿਉ ਬੁਰਕੀ ਤੋੜ ਕੇ ਰਲਾਇਆ ਤੇ ਗਰਾਹੀ ਮੂੰਹ ਵਿੱਚ ਪਾਈ। ਉਹ ਆਨੰਦ ਨਾਲ ਸਰੋਬਰ ਹੋ ਗਿਆ। ਉਸ ਨੇ ਸੋਚਿਆ, 'ਕਿਰਤ ਦਾ ਫਲ ਕਿੰਨਾ ਮਿੱਠਾ ਹੁੰਦਾ।' ਉਸ ਨੇ ਹਾਲੇ ਇਕ ਰੋਟੀ ਹੀ ਖਾਧੀ ਸੀ ਕਿ ਖ਼ਬਰਾਂ ਦਾ ਬੁਲੇਟਿਨ ਸ਼ੁਰੂ ਹੋ ਗਿਆ। ਖ਼ੂਬਸੂਰਤ ਨਿਊਜ਼ ਰੀਡਰ ਨੇ ਮੁੱਖ ਖ਼ਬਰਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਕਰਮਜੀਤ ਬੇਧਿਆਨੀ ਨਾਲ ਉਨ੍ਹਾਂ ਨੂੰ ਸੁਣ ਰਿਹਾ ਸੀ। ਪ੍ਰਧਾਨ ਮੰਤਰੀ ਨੇ ਇਹ ਕਿਹਾ, ਮੁੱਖ ਮੰਤਰੀ ਨੇ ਉਹ ਕਿਹਾ, ਫਲਾਨੇ ਲੀਡਰ ਨੇ ਇਹ ਕਿਹਾ। ਉਸ ਨੇ ਸੋਚਿਆ ਉਹ ਹੀ ਰੋਜ਼ਾਨਾ ਦੀ ਨਾਟਕਬਾਜ਼ੀ। ਉਸ ਨੇ ਦੂਜੀ ਰੋਟੀ ਦੀ ਪਹਿਲੀ ਬੁਰਕੀ ਮੂੰਹ ਵਿਚ ਹੀ ਪਾਈ ਸੀ ਕਿ ਨਿਊਜ਼ ਰੀਡਰ ਦੀ ਆਵਾਜ਼ ਸ਼ੀਸ਼ੇ ਵਾਂਗ ਉਸ ਦੇ ਕੰਨਾਂ ਵਿਚ ਉੱਤਰ ਗਈ। ਪ੍ਰਸਿੱਧ ਗਾਇਕ ਛਿੰਦਾ ਸ਼ੌਕੀਨ ਦੀ ਭੇਦਭਰੇ ਹਾਲਾਤ ਵਿਚ ਮੌਤ। ਉਸ ਨੇ ਝਬਕ ਕੇ ਸਿਰ ਉੱਪਰ ਚੁੱਕਿਆ। ਉਹ ਟੀਵੀ ਦੀ ਸਕਰੀਨ ਵੱਲ ਇਸ ਤਰ੍ਹਾਂ ਝਾਕਿਆ ਜਿਵੇਂ ਨਿਊਜ਼ ਰੀਡਰ ਦੁਬਾਰਾ ਕਹੇਗੀ ਕਿ ਇਹ ਝਲਤੀ ਨਾਲ ਬੋਲਿਆ ਗਿਆ।

ਨਿਊਜ਼ ਰੀਡਰ ਨੇ ਵਿਸਥਾਰ ਨਾਲ ਖ਼ਬਰਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਸੀ। ਪਰ ਉਹ ਭੌਚੱਕਾ ਬੈਠਾ ਟੀਵੀ ਵੱਲ ਇਉਂ ਦੇਖੀ ਜਾ ਰਿਹਾ ਸੀ। ਮੂੰਹ ਵਾਲੀ ਬੁਰਕੀ ਉਹ ਨਿਗਲਨੀ ਭੁੱਲ ਗਿਆ ਸੀ।ਉਸ ਨੇ ਮੁਸ਼ਕਲ ਨਾਲ ਗਰਾਹੀ ਸਿਘ ਹੇਠ ਲੰਘਾਈ। ਰੋਟੀ ਦੀ ਥਾਲੀ ਚਿਹਨੇ ਪਰੇ ਰੱਖ ਦਿੱਤੀ।

ਅੰਤਰਰਾਸ਼ਟਰੀ ਖ਼ਬਰਾਂ ਤੋਂ ਬਾਅਦ ਛਿੰਦਾ ਸ਼ੌਕੀਨ ਦੀ ਖ਼ਬਰ ਉਸ ਨੇ ਧਿਆਨ ਨਾਲ ਸੁਣੀ। ਦੱਸਿਆ ਗਿਆ ਕਿ ਉਸ ਨੇ ਘਰ ਵਿਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਪੁਲਿਸ ਕਾਰਨਾਂ ਦੀ ਜਾਂਚ ਕਰ ਰਹੀ ਹੈ। ਕਰਮਜੀਤ ਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਹਿ ਰਹੇ ਸਨ। ਉਸ ਦਾ ਯਾਰ ਹਮੇਸ਼ਾ ਚੜ੍ਹਦੀ ਕਲਾ ਵਾਲਾ ਬੰਦਾ ਇਸ ਤਰ੍ਹਾਂ ਕਿਵੇਂ ਕਰ ਸਕਦਾ। ਪਿਛਲੇ ਸਾਲ ਜਦੋਂ ਉਸ ਦੇ ਜਵਾਨ ਪੁੱਤ ਰਵੀ ਦੀ ਮੌਤ ਹੋ ਗਈ ਸੀ ਤਾਂ ਉਸ ਨੇ ਉਸ ਦੀਆਂ ਅੱਖਾਂ 'ਤੇ ਸਰੀਰ ਦੇ ਅੰਗ ਦਾਨ ਕਰ ਦਿੱਤੇ ਸੀ। ਜਦੋਂ ਉਹ ਅਫ਼ਸੋਸ ਕਰਨ ਗਿਆ ਤਾਂ ਛਿੰਦੇ ਨੇ ਕਿਹਾ ਸੀ, 'ਭਰਾਵਾ ਆਪਣਾ ਰਵੀ ਹੁਣ ਪੰਜ ਸਰੀਰਾਂ ਵਿਚ ਜਿਉਂਦਾ।' ਹਮੇਸ਼ਾ ਸੰਘਰਸ਼ ਦੀ ਗੱਲ ਕਰਨ ਵਾਲਾ ਛਿੰਦਾ ਕਦੇ ਵੀ ਮਨ ਡੁਲਾਉਣ ਵਾਲੀ ਗੱਲ ਨਹੀ ਕਰਦਾ ਸੀ। ਜਦੋਂ ਉਹ ਸਟੇਜਾਂ 'ਤੇ ਗਾਉਂਦਾ ਤਾਂ ਹਮੇਸ਼ਾ ਸੰਘਰਸ਼ ਤੇ ਕਿਰਤ ਦੀ ਗੱਲ ਕਰਦਾ ਸੀ। ਉਸ ਨੇ ਆਪਣੇ ਲਈ ਗਾਇਕੀ ਰਾਹੀ ਸਮਾਜ ਸੇਵਾ ਦਾ ਬੀੜਾ ਚੁੱਕਿਆ ਹੋਇਆ ਸੀ। ਆਪਣੇ ਆਦਰਸ਼ਾਂ ਲਈ ਉਸ ਨੇ ਕਦੇ ਲੱਚਰਤਾ ਵੱਲ ਮੂੰਹ ਨਹੀ ਕੀਤਾ ਸੀ। ਨਹੀ ਤਾਂ ਇੰਨੇ ਸੁਰੀਲੇ ਗਾਇਕ ਲਈ ਪੈਸਾ ਕਮਾਉਣਾ ਬਹੁਤੀ ਵੱਡੀ ਗੱਲ ਨਹੀ ਸੀ। ਉਸ ਨੂੰ ਯਾਦ ਆਇਆ ਜਦੋਂ ਛਿੰਦੇ ਨੇ ਉਸ ਦਾ 'ਦੂਸਰੇ ਜਨਮ ਦੀ ਖ਼ੁਸ਼ੀ ਵਿਚ ਪਾਰਟੀ' ਦਾ ਕਾਰਡ ਪੜ੍ਹਿਆ ਤਾਂ ਉਹ ਬਹੁਤ ਹੱਸਿਆ ਸੀ। ਉਸ ਨੇ ਉਸ ਸਮੇਂ ਕਰਮਜੀਤ ਨੂੰ ਫੋਨ ਕੀਤਾ। ਹੱਸਦੇ-ਹੱਸਦੇ ਪੁੱਛਿਆ,' ਫੇਰ ਪੈਗ-ਸ਼ੈਗ ਦਾ ਕੀ ਪ੍ਰਬੰਧ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਮਨ ਕੀ ਬਾਤ ਵਿਚ ਰੋਹਤਕ ਦੇ ਹੈਂਡਲੂਮ ਉਦਯੋਗ ਦਾ ਕੀਤਾ ਵਰਨਣ

➢ ਉੱਨਤੀ ਯੇਲਫ ਹੈਲਪ ਗਰੁੱਪ ਦੀ ਮਹਿਲਾਵਾਂ ਦੀ ਆਰਥਕ ਆਤਮਨਿਰਭਰਤਾ ਦੀ ਕਹਾਣੀ ਸੁਣਾਈ

➢ ਪ੍ਰਧਾਨ ਮੰਤਰੀ ਦਾ ਸੰਦੇਸ਼: ਸੰਗਠਤ ਹੋ ਕੇ ਮਹਿਲਾਵਾਂ ਪਾਰ ਕਰ ਸਕਦੀਆਂ ਹਨ ਹਰ ਚੁਣੌਤੀਆਂ

ਚੰਡੀਗੜ੍ਹ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦੀ ਅਗਵਾਈ ਹੇਠ ਮਹਿਲਾਵਾਂ ਦੇ ਵਿਕਾਸ ਅਤੇ ਮਜਬੂਤੀਕਰਣ ਦੇ ਲਈ ਹਰਿਆਣਾ ਸਰਕਾਰ ਨੇ ਕਈ ਮਹਤੱਵਪੂਰਨ ਕਦਮ ਚੁੱਕੇ ਹਨ। ਇੰਨ੍ਹਾਂ ਯਤਨਾਂ ਦਾ ਉਦੇਸ਼ ਨਾ ਸਿਰਫ ਮਹਿਲਾਵਾਂ ਨੂੰ ਸਮਾਨ ਮੌਕੇ ਪ੍ਰਦਾਨ ਕਰਨਾ ਹੈ, ਸਗੋਂ ਉਨ੍ਹਾਂ ਨੂੰ ਆਰਥਕ, ਸਮਾਜਿਕ ਅਤੇ ਰਾਜਨੀਤਿਕ ਦ੍ਰਿਸ਼ਟੀ ਨਾਲ ਆਤਮਨਿਰਭਰ ਬਨਾਉਣਾ ਵੀ ਹੈ। ਮਹਿਲਾਵਾਂ ਦੇ ਲਈ ਸਮਾਨਤਾ, ਪੰਚਾਇਤੀ ਰਾਜ ਸੰਸਥਾਵਾਂ ਵਿਚ 50 ਫੀਸਦੀ ਰਾਖਵਾਂ, ਸੈਲਫ ਹੈਲਪ ਗਰੁੱਪਸ ਰਾਹੀਂ ਉਥਾਨ ਅਤੇ ਲਿੰਗਾਨੁਪਾਤ ਵਿਚ ਸੁਧਾਰ ਲਈ ਚੁੱਕੇ ਗਏ ਕਦਮਾਂ ਨੇ ਮਹਿਲਾ ਮਜਬੂਤੀਕਰਣ ਦੀ ਦਿਸ਼ਾ ਵਿਚ ਮਹਤੱਵਪੂਰਨ ਪ੍ਰਗਤੀ ਕੀਤੀ ਹੈ। ਹਰਿਆਣਾ ਸਰਕਾਰ ਦੇ ਯਤਨਾਂ ਦਾ ਹੀ ਨਤੀਜਾ ਹੈ ਕਿ ਅੱਜ ਸੂਬੇ ਦੀ ਮਹਿਲਾਵਾਂ ਵੱਖ-ਵੱਖ ਖੇਤਰਾਂ ਵਿਚ ਸ਼ਾਨਦਾਰ ਕੰਮ ਕਰ ਕੇ ਸਮਾਜ ਅਤੇ ਸੂਬੇ ਦੀ ਉਨੱਤੀ ਵਿਚ ਸਰਗਰਮ ਭੂਮਿਕਾ ਨਿਭਾ ਰਹੀਆਂ ਹਨ। ਚਾਹੇ ਉਹ ਖੇਤੀਬਾੜੀ ਹੋਵੇ, ਉਦਯੋਗ ਹੋਣ, ਸਿਖਿਆ ਹੋਵੇ ਜਾਂ ਖੇਡ , ਹਰਿਆਣਾ ਦੀ ਮਹਿਲਾਵਾਂ ਆਪਣੇ ਮੁਸ਼ਕਲ ਮਿਹਨਤ ਅਤੇ ਸਮਰਪਣ ਨਾਲ ਨਿਤ ਨਵੇਂ ਮੁਕਾਮ ਸਥਾਪਿਤ ਕਰ ਰਹੀਆਂ ਹਨ।

ਕਈ ਮਹਿਲਾਵਾਂ ਸਵੈ ਸਹਾਇਤਾ ਸਮੂਹਾਂ ਵਿਚ ਸ਼ਾਮਿਲ ਹੋ ਕੇ ਆਪਣਾ ਸਰਗਰਮ ਰੂਪ ਨਾਲ ਯੋਗਦਾਨ ਦੇ ਰਹੀਆਂ ਹਨ। ਹੈਂਡਲੂਮ ਉਦਯੋਗ, ਸਿਲਾਈ, ਕਢਾਈ ਅਤੇ ਹੋਰ ਹੈਂਡੀਕ੍ਰਾਫਟ ਕੰਮਾਂ ਵਿਚ ਵੀ ਉਨ੍ਹਾਂ ਦਾ ਯੋਗਦਾਨ ਵਰਨਣਯੋਗ ਹੈ। ਇਸ ਗੱਲ ਦੀ ਤਸਦੀਕ ਖੁਦ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਆਪਣੇ ਪ੍ਰਸਿੱਧ ਰੇਡਿਓ ਪ੍ਰੋਗ੍ਰਾਮ ਮਨ ਕੀ ਬਾਤ ਵਿਚ ਕੀਤੀ ਹੈ।

ਉਨ੍ਹਾਂ ਨੇ ਪ੍ਰੋਗ੍ਰਾਮ ਦੌਰਾਨ ਹਰਿਆਣਾ ਦੇ ਰੋਹਤਕ ਜਿਲ੍ਹੇ ਦੇ ਹੈਂਡਲੂਮ ਉਦਯੋਗ ਦਾ ਵਰਨਣ ਕੀਤਾ। ਉਨ੍ਹਾਂ ਨੇ ਵਿਸ਼ੇਸ਼ ਰੂਪ ਨਾਲ ਉਨੱਤੀ ਸੈਲਫ ਹੈਲਪ ਗਰੁੱਪ ਦੀ ਮਹਿਲਾਵਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਆਪਣੇ ਮੁਸ਼ਕਲ ਮਿਹਨਤ ਅਤੇ ਸਮਰਪਣ ਨਾਲ ਆਰਥਕ ਆਤਮਨਿਰਭਰਤਾ ਦੇ ਵੱਲ ਕਦਮ ਵਧਾਇਆ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਦਸਿਆ ਕਿ ਉਨੱਤੀ ਸੈਲਫ ਹੈਲਪ ਗਰੁੱਪ ਨਾਲ ਜੁੜੀ 250 ਤੋਂ ਵੱਧ ਮਹਿਲਾਵਾਂ ਹੁਣ ਬਲਾਕ ਪ੍ਰਿੰਟਿੰਗ ਅਤੇ ਰੰਗਾਈ ਦੇ ਖੇਤਰ ਵਿਚ ਟ੍ਰੇਨਡ ਹੋ ਚੁੱਕੀਆਂ ਹਨ। ਇਸ ਸਿਖਲਾਈ ਨੇ ਨਾ ਸਿਰਫ ਉਨ੍ਹਾਂ ਦੇ ਕੌਸ਼ਲ ਨੂੰ ਨਿਖਾਰਿਆ ਹੈ ਸਗੋਂ ਉਨ੍ਹਾਂ ਨੇ ਆਰਥਕ ਰੂਪ ਨਾਲ ਵੀ ਮਜਬੂਤ ਬਣਾਇਆ ਹੈ। ਇਹ ਮਹਿਲਾਵਾਂ ਕਪੜਿਆਂ 'ਤੇ ਰੰਗਾਂ ਦਾ ਜਾਦੂ ਬਿਖੇਰਦੇ ਹੋਏ ਨਾ ਸਿਰਫ ਆਪਣੇ ਪਰਿਵਾਰਾਂ ਦਾ ਪੋਸ਼ਨ ਕਰ ਰਹੀਆਂ ਹਨ, ਸਗੋਂ ਸਮਾਜ ਵਿਚ ਵੀ ਇਕ ਪ੍ਰੇਰਣਾ ਦਾ ਸਰੋਤ ਬਣ ਰਹੀਆਂ ਹਨ। ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਕਿਵੇਂ ਇੰਨ੍ਹਾਂ ਮਹਿਲਾਵਾਂ ਨੇ ਆਪਣੇ ਆਤਮਵਿਸ਼ਵਾਸ ਲਤ। ਮਿਹਨਤ ਨਾਲ ਇਕ ਨਵੀਂ ਪਹਿਚਾਣ ਬਣਾਇਆ ਹੈ।

ਉਨ੍ਹਾਂ ਦੇ ਇਸ ਯਤਨ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਜੇਕਰ ਮਹਿਲਾਵਾਂ ਸੰਗਠਤ ਹੋ ਕੇ ਕੰਮ ਕਰਨ ਤਾਂ ਉਹ ਕਿਸੀ ਵੀ ਚਨੌਤੀ ਨੂੰ ਪਾਰ ਕਰ ਸਕਦੀਆਂ ਹਨ ਅਤੇ ਆਤਮਨਿਰਭਰ ਬਣ ਸਕਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਉਨੱਤੀ ਸੈਲਫ ਹੈਲਪ ਗਰੁੱਪ ਦਾ ਇਹ ਯਤਨ ਨਾ ਸਿਰਫ ਹੈਂਡਲੂਮ ਉਦਯੋਗ ਨੂੰ ਪ੍ਰੋਤਸਾਹਨ ਦੇ ਰਿਹਾ ਹੈ ਸਗੋਂ ਸਥਾਨਕ ਅਰਥਵਿਵਸਥਾ ਵਿਚ ਵੀ ਸਕਾਰਾਤਮਕ ਯੋਗਦਾਨ ਦੇ ਰਿਹਾ ਹੈ। ਪ੍ਰਧਾਨ ਮੰਤਰੀ ਨੇ ਪੂਰੇ ਦੇਸ਼ ਦੇ ਹੋਰ ਜਿਲ੍ਹਆਂ ਦੀ ਮਹਿਲਾਵਾ ਨੂੰ ਵੀ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਉਹ ਵੀ ਇਸ ਤਰ੍ਹਾਂ ਦੇ ਸਮਾਰੋਹ ਵਿਚ ਸ਼ਾਮਿਲ ਹੋ ਕੇ ਆਪਣੇ ਜੀਵਨ ਵਿਚ ਬਦਲਾਅ ਲਿਆ ਸਕਦਾ ਹੈ।

ਪੁਲਿਸ ਨੇ ਨਕਦੀ ਅਤੇ ਸ਼ਰਾਬ ਲੁੱਟਣ ਦੇ ਮਾਮਲੇ ਦਾ ਕੀਤਾ ਪਰਦਾਫਾਸ਼

ਮਾਛੀਵਾੜਾ ਸਾਹਿਬ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਦਿਨੀ ਮਾਛੀਵਾੜਾ ਸਾਹਿਬ ਦੇ ਨੇੜਲੇ ਪਿੰਡ ਕਾਉਂਕੇ ਵਿਖੇ ਇੱਕ ਸ਼ਰਾਬ ਦੇ ਠੇਕੇ ਤੋਂ ਦੋ ਨਕਾਬਪੋਸ਼ ਲੁਟੇਰਿਆਂ ਵੱਲੋਂ ਪਿਸਤੌਲ ਦਿਖਾ ਕੇ ਸ਼ਰਾਬ ਦੀਆਂ ਪੇਟੀਆਂ ਅਤੇ ਨਗਦੀ ਲੁੱਟੀ ਗਈ ਸੀ। ਜਦੋਂ ਪੁਲਿਸ ਨੇ ਉਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਪੜਤਾਲ ਕੀਤੀ ਤਾਂ ਲੁਟੇਰਿਆਂ ਵੱਲੋਂ ਠੇਕੇ ਤੋਂ ਨਕਦੀ ਤੇ ਸ਼ਰਾਬ ਲੁੱਟਣ ਦਾ ਮਾਮਲਾ ਫਰਜ਼ੀ ਨਿਕਲਿਆ। ਪੁਲਸ ਨੇ ਕੁਝ ਹੀ ਘੰਟਿਆਂ 'ਚ ਮਾਮਲਾ ਸੁਲਝਾ ਲਿਆ। ਠੇਕੇ ਤੋਂ ਲੁੱਟ ਦੀ ਵਾਰਦਾਤ ਸਬੰਧੀ ਜਾਣਕਾਰੀ ਮਿਲਦਿਆਂ ਹੀ ਮਾਮਲੇ ਦੀ ਜਾਂਚ ਲਈ ਸਹਾਇਕ ਥਾਣੇਦਾਰ ਜਗਤਾਰ ਸਿੰਘ ਮੌਕੇ 'ਤੇ ਪੁੱਜੇ ਸਨ, ਜਿਨ੍ਹਾਂ ਨੂੰ ਮਾਮਲਾ ਸ਼ੱਕੀ ਲੱਗਿਆ । ਠੇਕੇ ਦੇ ਕਰਿੰਦੇ ਨੂੰ ਪੁੱਛਗਿੱਛ ਲਈ ਜਦੋਂ ਮਾਛੀਵਾੜਾ ਥਾਣਾ ਵਿਖੇ ਬੁਲਾਇਆ ਗਿਆ ਤਾਂ ਉੱਥੇ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਤੇ ਸਹਾਇਕ ਥਾਣੇਦਾਰ ਜਗਤਾਰ ਸਿੰਘ ਨੇ ਜਾਂਚ ਸ਼ੁਰੂ ਕੀਤੀ। ਇਸ ਦੌਰਾਨ ਨਰੇਸ਼ ਆਪਣੇ ਬਿਆਨਾਂ 'ਚ ਹੈ ਉਲਝ ਗਿਆ। ਪੁਲਸ ਨੇ ਜਦੋਂ ਸਖ਼ਤੀ ਕੀਤੀ ਤਾਂ ਉਸ ਨੇ ਦੱਸਿਆ ਕਿ ਡਿਊਟੀ ਦੌਰਾਨ ਹਿਸਾਬ ਵਿਚ ਕੁਝ ਗੜਬੜੀ ਹੋ ਗਈ ਸੀ ਤੇ ਉਸ ਕੋਲ ਵਿਕਰੀ ਦੇ ਪੈਸੇ ਘਟ ਗਏ, ਜਿਸ ਲਈ ਉਸ ਨੇ ਮਨਘੜਤ ਕਹਾਣੀ ਬਣਾਈ ਕਿ ਪਿਸਤੌਲ ਦਿਖਾ ਕੇ 2 ਨਕਾਬਪੋਸ਼ ਲੁਟੇਰੇ ਠੇਕੇ 'ਤੇ ਆਏ ਜੋ 10 ਹਜ਼ਾਰ ਰੁਪਏ ਤੇ ਸ਼ਰਾਬ ਲੁੱਟ ਕੇ ਲੈ ਗਏ।

ਥਾਣਾ ਮੁਖੀ ਖੰਗੂੜਾ ਨੇ ਦੱਸਿਆ ਕਿ ਠੇਕੇ ਦੇ ਆਸ-ਪਾਸ ਅਜਿਹੀ ਕੋਈ ਵੀ ਲੁੱਟ ਦੀ ਵਾਰਦਾਤ ਵਾਪਰਨ ਦਾ ਸੁਰਾਗ ਨਹੀਂ ਮਿਲਿਆ ਤੇ ਜੋ ਕਹਾਣੀ ਮੁਲਾਜ਼ਮ ਨਰੇਸ਼ ਦੱਸ ਰਿਹਾ ਹੈ, ਉਹ ਬਿਲਕੁਲ ਸ਼ੱਕੀ ਜਾਪਦੀ ਸੀ। ਪੁਲਸ ਨੇ ਕੁਝ ਹੀ ਘੰਟਿਆਂ 'ਚ ਇਸ ਮਾਮਲੇ ਦਾ ਪਰਦਾਫਾਸ਼ ਕਰ ਦਿੱਤਾ। ਪੁਲਸ ਦਾ ਕਹਿਣਾ ਹੈ ਕਿ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ ਤੋਂ ਬਾਅਦ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਪੱਖੋ ਕਲਾਂ ਦੀਆਂ ਜੋਨਲ ਸਕੂਲ ਖੇਡਾਂ ਵਿੱਚ ਕਰਾਟੇ ਮੁਕਾਬਲੇ ਕਰਵਾਏ ਗਏ

ਬਰਨਾਲਾ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜੋਨ ਪੱਖੋ ਕਲਾਂ ਦੀਆਂ ਗਰਮ ਰੁੱਤ ਜੋਨਲ ਸਕੂਲ ਖੇਡਾਂ ਤਹਿਤ ਸਰਕਾਰੀ ਹਾਈ ਸਕੂਲ ਕਾਹਨੇਕੇ ਵਿਖੇ ਲੜਕੀਆਂ ਦੇ ਕਰਾਟੇ ਮੁਕਾਬਲੇ ਕਰਵਾਏ ਗਏ। ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਹੈੱਡ ਮਾਸਟਰ ਪ੍ਰਦੀਪ ਕੁਮਾਰ ਸ਼ਰਮਾ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਨਿਰਮਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਸਰਕਾਰੀ ਹਾਈ ਸਕੂਲ ਕਾਹਨੇਕੇ ਵਿਖੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਹੈੱਡ ਮਾਸਟਰ ਪ੍ਰਦੀਪ ਕੁਮਾਰ ਸ਼ਰਮਾ ਅਤੇ ਪਤਵੰਤੇ।

ਕਰਾਟੇ (ਲੜਕੀਆਂ) ਮੁਕਾਬਲਿਆਂ ਦੇ ਅੰਡਰ 14 ਸਾਲ ਵਿੱਚ -30 ਕਿੱਲੋ ਭਾਰ ਵਿੱਚ ਜੋਤੀ ਕੌਰ ਸ.ਹ.ਸ. ਧੂਰਕੋਟ ਨੇ ਪਹਿਲਾ, ਹਰਮਨ ਕੌਰ ਸ.ਹ.ਸ. ਕਾਹਨੇਕੇ ਨੇ ਦੂਜਾ ਤੇ ਕਮਲਜੋਤ ਕੌਰ ਸ.ਹ.ਸ. ਬਦਰਾ ਨੇ ਤੀਜਾ, -34 ਕਿੱਲੋ ਵਿੱਚ ਇੰਦਰਜੀਤ ਕੌਰ ਸ.ਹ.ਸ. ਧੂਰਕੋਟ ਨੇ ਪਹਿਲਾ, ਆਇਸ਼ਾ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ, -38 ਕਿੱਲੋ ਭਾਰ ਵਿੱਚ ਰਾਜਵੀਰ ਕੌਰ ਸ.ਹ.ਸ. ਕਾਹਨੇਕੇ ਨੇ ਪਹਿਲਾ, ਖੁਸ਼ਦੀਪ ਸ਼ਰਮਾ ਸ.ਹ.ਸ. ਧੂਰਕੋਟ ਨੇ ਦੂਜਾ, ਜਸ਼ਨਪ੍ਰੀਤ ਕੌਰ ਸ.ਹ.ਸ. ਬਦਰਾ ਨੇ ਤੀਜਾ, -42 ਵਿੱਚ ਹੁਸਨਦੀਪ ਕੌਰ ਸ.ਹ.ਸ. ਕਾਹਨੇਕੇ ਨੇ ਪਹਿਲਾ, ਮਨਜੋਤ ਕੌਰ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ, -46 ਵਿੱਚ ਰਾਜਵੀਰ ਕੌਰ ਸ.ਹ.ਸ. ਕਾਹਨੇਕੇ ਨੇ ਪਹਿਲਾ, -50 ਵਿੱਚ ਸੁਖਪ੍ਰੀਤ ਕੌਰ ਸ.ਹ.ਸ. ਕਾਹਨੇਕੇ ਨੇ ਪਹਿਲਾ, ਸੁਖਮਨਪ੍ਰੀਤ ਕੌਰ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ, +50 ਵਿੱਚ ਪਰਨੀਤ ਕੌਰ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ, ਅੰਡਰ 17 ਦੇ -32 ਕਿੱਲੋ ਭਾਰ ਵਿੱਚ ਬੇਅੰਤ ਕੌਰ ਸ.ਹ.ਸ. ਧੂਰਕੋਟ ਨੇ ਪਹਿਲਾ, -40 ਵਿੱਚ ਪ੍ਰਦੀਪ ਕੌਰ ਸ.ਹ.ਸ. ਬਦਰਾ ਨੇ ਪਹਿਲਾ, -44 ਵਿੱਚ ਜਸ਼ਨਪ੍ਰੀਤ ਕੌਰ ਸ.ਹ.ਸ. ਧੂਰਕੋਟ ਨੇ ਪਹਿਲਾ, ਸਿਮਰਜੀਤ ਕੌਰ ਬਦਰਾ ਨੇ ਦੂਜਾ, -48 ਵਿੱਚ ਰੇਖਾ ਸ.ਹ.ਸ. ਧੂਰਕੋਟ ਨੇ ਪਹਿਲਾ, ਨਮਨਪ੍ਰੀਤ ਕੌਰ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ, ਨਵਜੋਤ ਕੌਰ ਸ.ਹ.ਸ. ਕਾਹਨੇਕੇ ਨੇ ਤੀਜਾ, - 52 ਕਿੱਲੋ ਵਿੱਚ ਰਸ਼ਪ੍ਰੀਤ ਕੌਰ ਸ.ਹ.ਸ. ਕਾਹਨੇਕੇ ਨੇ ਪਹਿਲਾ, ਸੁਖਜੀਤ ਕੌਰ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਦੂਜਾ, -56 ਕਿੱਲੋ ਵਿੱਚ ਸੁਖਵੀਰ ਕੌਰ ਸੰਤ ਬਚਨਪੁਰੀ ਸਕੂਲ ਪੱਖੋ ਕਲਾਂ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਮਲਕੀਤ ਸਿੰਘ ਭੁੱਲਰ, ਜਤਿੰਦਰ ਕਪਿਲ, ਰੁਪਿੰਦਰ ਸਿੰਘ, ਨਵਦੀਪ ਬਾਵਾ, ਤੇਜਿੰਦਰ ਕੁਮਾਰ, ਕਿੰਮੀ ਗੋਇਲ, ਕੁਲਦੀਪ ਕੌਰ, ਗੁਰਦੀਪ ਸਿੰਘ ਬੁਰਜਹਰੀ, ਜਸਪ੍ਰੀਤ ਸਿੰਘ, ਹਰਦੀਪ ਕੌਰ, ਹਰਜੀਤ ਸਿੰਘ ਜੋਗਾ ਆਦਿ ਮੌਜੂਦ ਸਨ।

ਜ਼ਮੀਨੀ ਰਿਕਾਰਡ ਹਾਸਲ ਕਰਨ ਲਈ ਵਰਦਾਨ ਸਾਬਤ ਹੋ ਰਹੇ ਨੇ ਜ਼ਿਲ੍ਹੇ ਦੇ ਫ਼ਰਦ ਕੇਂਦਰ

ਫ਼ਤਹਿਗੜ੍ਹ ਸਾਹਿਬ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ ਨੇ ਦੱਸਿਆ ਕਿ ਜ਼ਮੀਨੀ ਰਿਕਾਰਡ ਹਾਸਲ ਕਰਨ ਲਈ ਜ਼ਿਲ੍ਹੇ ਵਿਚਲੇ ਫਰਦ ਕੇਂਦਰ ਲੋਕਾਂ ਵਾਸਤੇ ਵਰਦਾਨ ਸਾਬਤ ਹੋ ਰਹੇ ਹਨ। ਇਨ੍ਹਾਂ ਫਰਦ ਕੇਂਦਰਾਂ ਜ਼ਰੀਏ ਲੋਕਾਂ ਨੂੰ ਕੁਝ ਹੀ ਪਲਾਂ ਵਿੱਚ ਲੋੜੀਂਦਾ ਜ਼ਮੀਨੀ ਰਿਕਾਰਡ ਮਿਲ ਜਾਂਦਾ ਹੈ।

ਜ਼ਿਲ੍ਹੇ ਵਿਚਲੇ ਫਰਦ ਕੇਂਦਰਾਂ ਰਾਹੀਂ ਇਸ ਸਾਲ ਹੁਣ ਤੱਕ ਜ਼ਮੀਨ ਮਾਲਕਾਂ ਨੂੰ 57 ਹਜ਼ਾਰ 544 ਫਰਦਾਂ ਅਤੇ 03 ਲੱਖ 64 ਹਜ਼ਾਰ 129 ਤਸਦੀਕ ਸ਼ੁਦਾ ਪੰਨੇ ਜਾਰੀ ਕੀਤੇ ਗਏ। ਜਿਸ ਸਬੰਧੀ 91 ਲੱਖ 03 ਹਜ਼ਾਰ 225 ਰੁਪਏ ਫੀਸ ਵਸੂਲੀ ਗਈ ਹੈ।

ਸ੍ਰੀਮਤੀ ਸ਼ੇਰਗਿੱਲ ਨੇ ਦੱਸਿਆ ਕਿ ਫਰਦ ਕੇਂਦਰਾਂ ਦੇ ਕੰਮ-ਕਾਜ ਵਿੱਚ ਪੂਰੀ ਪਾਰਦਰਸ਼ਤਾ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ ਅਤੇ ਫਰਦ ਕੇਂਦਰਾਂ 'ਚ ਨਿਯੁਕਤ ਕਰਮਚਾਰੀਆਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਲਈ ਆਖਿਆ ਗਿਆ ਹੈ ਤਾਂ ਜੋ ਫਰਦਾਂ ਹਾਸਿਲ ਕਰਨ ਵਾਲੇ ਕਿਸੇ ਵੀ ਜ਼ਮੀਨ ਮਾਲਕ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸੇ ਵੀ ਜ਼ਮੀਨ ਮਾਲਕ ਨੂੰ ਫਰਦ ਹਾਸਲ ਕਰਨ ਲਈ 15 ਮਿੰਟ ਤੋਂ ਵੱਧ ਸਮਾਂ ਨਹੀਂ ਲਗਦਾ ਅਤੇ ਜ਼ਮੀਨ ਮਾਲਕ ਨੂੰ ਕੇਵਲ 25/- ਰੁਪਏ ਪ੍ਰਤੀ ਪੰਨੇ ਦੇ ਹਿਸਾਬ ਨਾਲ ਜ਼ਮੀਨੀ ਰਿਕਾਰਡ ਦੀ ਤਸਦੀਕ ਸ਼ੁਦਾ ਨਕਲ ਦੇ ਦਿੱਤੀ ਜਾਂਦੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ 'ਚ 06 ਫਰਦ ਕੇਂਦਰ ਮੌਜੂਦ ਹਨ, ਜਿਹੜੇ ਕਿ ਫਤਹਿਗੜ੍ਹ ਸਾਹਿਬ, ਬਸੀ ਪਠਾਣਾ, ਅਮਲੋਹ, ਖਮਾਣੋਂ, ਮੰਡੀ ਗੋਬਿੰਦਗੜ੍ਹ, ਚਨਾਰਥਲ ਕਲਾਂ ਵਿਖੇ ਕੰਮ ਕਰ ਰਹੇ ਹਨ। ਫਤਹਿਗੜ੍ਹ ਸਾਹਿਬ ਵਿਖੇ ਸਥਿਤ ਫਰਦ ਕੇਂਦਰ ਰਾਹੀਂ ਫਤਹਿਗੜ੍ਹ ਸਾਹਿਬ ਦੇ ਜ਼ਮੀਨ ਮਾਲਕਾਂ ਨੂੰ 17146 ਫਰਦਾਂ ਅਤੇ 104175 ਤਸਦੀਕ ਸ਼ੁਦਾ ਪੰਨੇ ਜਾਰੀ ਕੀਤੇ ਗਏ।

ਇਸੇ ਤਰ੍ਹਾਂ ਤਹਿਸੀਲ ਕੰਪਲੈਕਸ ਬਸੀ ਪਠਾਣਾ ਵਿਚਲੇ ਫਰਦ ਕੇਂਦਰ ਤੋਂ 9419 ਫਰਦਾਂ ਅਤੇ 48175 ਤਸਦੀਕਸ਼ੁਦਾ ਪੰਨੇ, ਤਹਿਸੀਲ ਕੰਪਲੈਕਸ ਅਮਲੋਹ ਵਿਚਲੇ ਫਰਦ ਕੇਂਦਰ ਤੋਂ 8711 ਫਰਦਾਂ ਅਤੇ 54207 ਤਸਦੀਕਸ਼ੁਦਾ ਪੰਨੇ, ਫਰਦ ਕੇਂਦਰ ਤਹਿਸੀਲ ਕੰਪਲੈਕਸ ਖਮਾਣੋਂ ਤੋਂ 9476 ਫਰਦਾਂ ਅਤੇ 51422 ਤਸਦੀਸ਼ੁਦਾ ਪੰਨੇ, ਫਰਦ ਕੇਂਦਰ ਸਬਤਹਿਸੀਲ ਮੰਡੀ ਗੋਬਿੰਗਦੜ੍ਹ ਤੋਂ 7724 ਫਰਦਾਂ ਅਤੇ 75326 ਤਸਦੀਕਸ਼ੁਦਾ ਪੰਨੇ ਅਤੇ ਫਰਦ ਕੇਂਦਰ ਚਨਾਰਥਲ ਕਲਾਂ ਤੋਂ 5068 ਫਰਦਾਂ ਅਤੇ 30824 ਤਸਦੀਕਸ਼ੁਦਾ ਪੰਨੇ ਜਾਰੀ ਕੀਤੇ ਗਏ ਹਨ।

ਸਪੀਕਰ ਸੰਧਵਾਂ ਨੇ ਵੱਖ-ਵੱਖ ਥਾਵਾਂ ਤੇ ਭੋਗ ਵਿੱਚ ਕੀਤੀ ਸ਼ਿਰਕਤ

ਫਰੀਦਕੋਟ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਪੀਕਰ ਪੰਜਾਬ ਵਿਧਾਨ ਸਭਾ ਸ.ਕੁਲਤਾਰ ਸਿੰਘ ਸੰਧਵਾਂ ਡੇਰਾ ਦਰਿਆ ਗਿਰੀ ਵਿਖੇ ਸ੍ਰੀ ਅਮਿਤ ਗੋਇਲ ਦੇ ਅੰਤਿਮ ਅਰਦਾਸ ਦੇ ਭੋਗ ਵਿੱਚ ਸ਼ਾਮਲ ਹੋਏ। ਸ੍ਰੀ ਅਮਿਤ ਗੋਇਲ ਜੋ ਕਿ ਪਿਛਲੇ ਦਿਨੀਂ ਅਕਾਲ ਚਲਾਨਾ ਕਰ ਗਏ ਸਨ। ਇਸ ਮੌਕੇ ਉਨ੍ਹਾਂ ਕਿਹਾ ਕਿ ਪਰਿਵਾਰ ਵਿਚੋਂ ਕਿਸੇ ਜੀਅ ਦਾ ਇਸ ਤਰ੍ਹਾਂ ਚਲੇ ਜਾਣਾ ਬਹੁਤ ਪੀੜ੍ਹਾਦਾਇਕ ਹੁੰਦਾ ਹੈ। ਉਨ੍ਹਾਂ ਪਰਿਵਾਰ ਦੇ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪ੍ਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਆਪਣੇ ਕੰਮ ਦੇ ਰੁਝੇਵਿਆਂ ਦੇ ਬਾਵਜੂਦ ਕੱਲ ਦੇਰ ਸ਼ਾਮ ਵੀ ਸਪੀ

ਸੰਪਾਦਕੀ

ਅਮਨ ਵੱਲ ਵਧਾਏ ਕਦਮ

ਜਮਾਤ-ਏ-ਇਸਲਾਮੀ ਜੰਮੂ ਤੇ ਕਸ਼ਮੀਰ (ਜੇਈਆਈ-ਜੇਕੇ) ਨੇ ਆਪਣੇ 'ਤੇ ਲੱਗੀ ਪਾਬੰਦੀ ਹਟਣ ਦੀ ਸੂਰਤ ਵਿੱਚ ਮੁੱਖਧਾਰਾ ਦੀ ਸਿਆਸਤ 'ਚ ਪਰਤਣ ਦੀ ਜਤਾਈ ਇੱਛਾ ਖੇਤਰ ਦੇ ਗੜਬੜਗ੍ਰਸਤ ਇਤਿਹਾਸ 'ਚ ਮਹੱਤਵਪੂਰਨ ਘਟਨਾ ਹੈ। ਸਮਾਜਿਕ ਧਾਰਮਿਕ ਪਛਾਣ ਵਾਲੀ ਇਹ ਪਾਰਟੀ ਜੋ ਕਈ ਦਹਾਕੇ ਕਸ਼ਮੀਰ ਦੇ ਸਿਆਸੀ ਭੂ-ਦ੍ਰਿਸ਼ ਵਿੱਚ ਮੁੱਖ ਤਾਕਤ ਬਣੀ ਰਹੀ ਹੈ, ਨੇ ਹੁਣ ਚੁਣਾਵੀ ਸਿਆਸਤ 'ਚ ਮੁੜ ਪੈਰ ਧਰਨ ਦੀ ਖਾਹਿਸ਼ ਜਤਾਈ ਹੈ ਬਸ਼ਰਤੇ ਕੇਂਦਰ ਸਰਕਾਰ ਇਸ ਸਾਲ ਜਨਵਰੀ ਵਿੱਚ ਇਸ ਉੱਤੇ ਵਧਾਈ ਪਾਬੰਦੀ ਵਾਪਸ ਲੈ ਲਏ। ਜੇਈਆਈ-ਜੇਕੇ (ਜਮਾਤ-ਏ-ਇਸਲਾਮੀ ਜੰਮੂ ਤੇ ਕਸ਼ਮੀਰ) ਦੇ ਸੀਨੀਅਰ ਮੈਂਬਰ ਗ਼ੁਲਾਮ ਕਾਦਿਰ ਲੋਨ ਨੇ ਜ਼ੋਰ ਦਿੱਤਾ ਹੈ ਕਿ ਪਾਰਟੀ ਲੋਕਾਂ ਦੀ ਸੇਵਾ ਲਈ ਵਚਨਬੱਧ ਰਹੇਗੀ ਤੇ ਜਮਹੂਰੀ ਤੰਤਰ ਦੇ ਦਾਇਰੇ ਵਿੱਚ ਰਹਿ ਕੇ ਕੰਮ ਕਰੇਗੀ। ਕਥਿਤ ਤੌਰ 'ਤੇ ਅਤਿਵਾਦੀਆਂ ਨਾਲ ਰਾਬਤਾ ਰੱਖਣ ਵਾਲੇ ਪਾਬੰਦੀਸ਼ੁਦਾ ਸੰਗਠਨ ਦਾ ਰਾਜਨੀਤਕ ਮੁਕਾਬਲੇਬਾਜ਼ ਬਣਨ ਦੀ ਇੱਛਾ ਜ਼ਾਹਿਰ ਕਰਨਾ, ਰਣਨੀਤਕ ਪੈਂਤਡਿ ?ਆਂ ਨੂੰ ਨਵੇਂ ਸਿਰਿਓਂ ਵਿਚਾਰੇ ਜਾਣ ਵੱਲ ਇਸ਼ਾਰਾ ਕਰਦਾ ਹੈ ਜਿਸ ਦਾ ਕਾਰਨ ਸੰਭਾਵੀ ਤੌਰ 'ਤੇ ਕਸ਼ਮੀਰ 'ਚ ਅੰਦੂਰਨੀ ਦਬਾਅ ਤੇ ਭੂ-ਰਾਜਨੀਤਕ ਹਾਲਾਤ ਵਿੱਚ ਆਈ ਤਬਦੀਲੀ ਹੋ ਸਕਦਾ ਹੈ।

ਸਰਕਾਰ ਵੱਲੋਂ ਜਮਾਤ-ਏ-ਇਸਲਾਮੀ ਨੂੰ ਸਿਆਸੀ ਅਖਾੜੇ ਵਿੱਚ ਮੁੜ ਦਾਖ਼ਲ ਹੋਣ ਦੀ ਇਜਾਜ਼ਤ ਦੇਣ ਦੇ ਗਹਿਰੇ ਅਸਰ ਹੋ ਸਕਦੇ ਹਨ। ਇੱਕ ਤਾਂ ਇਸ ਤਰ੍ਹਾਂ ਹੋਣ ਨਾਲ ਪਾਰਟੀ ਦੇ ਸਮਰਥਕਾਂ ਨੂੰ ਵਾਜਿਬ ਮੰਚ ਮਿਲ ਸਕਦਾ ਹੈ ਜੋ ਸਿਆਸੀ ਮੰਤਵਾਂ ਨੂੰ ਸ਼ਾਂਤੀਪੂਰਨ ਢੰਗ ਨਾਲ ਪ੍ਰਾਪਤ ਕਰਨ ਦੀ ਵਕਾਲਤ ਕਰ ਕੇ ਅਤਿਵਾਦ ਪ੍ਰਤੀ ਭਾਵਨਾਵਾਂ ਨੂੰ ਫਿੱਕਾ ਪਾ ਸਕਦਾ ਹੈ। ਇਹ ਕਦਮ ਸਰਕਾਰ ਦੀ ਅਜਿਹੀ ਵਿਆਪਕ ਰਣਨੀਤੀ ਦਾ ਪ੍ਰਤੀਕ ਵੀ ਬਣ ਸਕਦਾ ਹੈ ਜਿਸ ਤਹਿਤ ਉਹ ਇਸ ਤਰ੍ਹਾਂ ਦੇ ਹੋਰ ਪਾਬੰਦੀਸ਼ੁਦਾ ਸੰਗਠਨਾਂ ਨੂੰ ਵੀ ਲੋਕਤੰਤਰੀ ਢਾਂਚੇ ਅਧੀਨ ਇਕਜੁੱਟ ਕਰਨਾ ਚਾਹੁੰਦੀ ਹੋਵੇ ਤਾਂ ਕਿ ਖੇਤਰ 'ਚ ਅਮਨ-ਸ਼ਾਂਤੀ ਕਾਇਮ ਹੋ ਸਕੇ।

ਇਹ ਤਬਦੀਲੀ ਬਿਨਾ ਸ਼ੱਕ ਬਹੁਤ ਸਾਰੀਆਂ ਚੁਣੌਤੀਆਂ ਨਾਲ ਭਰੀ ਹੋਈ ਹੈ। ਅਤਿਵਾਦੀ ਸੰਗਠਨਾਂ ਨਾਲ ਕਰੀਬੀ ਰਿਸ਼ਤਿਆਂ ਤੇ ਪਾਕਿਸਤਾਨ ਪੱਖੀ ਏਜੰਡੇ ਦੀ ਹਾਮੀ ਭਰਦੀ ਰਹੀ ਜਮਾਤ-ਏ-ਇਸਲਾਮੀ ਜੰਮੂ ਕਸ਼ਮੀਰ ਦਾ ਵਿਵਾਦ ਵਾਲਾ ਪਿਛੋਕੜ ਭਾਰਤ ਦੀ ਰਾਜਸੱਤਾ ਅਤੇ ਲੋਕਤੰਤਰੀ ਸਿਧਾਂਤਾਂ ਪ੍ਰਤੀ ਇਸ ਦੀ ਵਚਨਬੱਧਤਾ ਬਾਰੇ ਕਈ ਖ਼ਦਸ਼ੇ ਖੜ੍ਹੇ ਕਰਦਾ ਹੈ। ਇਸ ਤੋਂ ਇਲਾਵਾ ਪਾਰਟੀ 'ਚ ਅੰਦਰਖਾਤੇ ਫੁੱਟ ਪੈਣ ਤੇ ਇਸ ਸਿਆਸੀ ਤਬਦੀਲੀ ਦਾ ਵਿਰੋਧ ਕਰਨ ਵਾਲੇ ਕੱਟੜਵਾਦੀ ਤੱਤਾਂ ਵੱਲੋਂ ਸੰਭਾਵੀ ਤੌਰ 'ਤੇ ਤਿੱਖੀ ਪ੍ਰਤੀਕਿਰਿਆ ਆਉਣ ਦਾ ਵੀ ਖ਼ਤਰਾ ਹੈ। ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਜਮਾਤ-ਏ-ਇਸਲਾਮੀ ਵੱਲੋਂ ਦਹਿਸ਼ਤਗਰਦੀ ਦਾ ਰਾਹ ਤਿਆਗ ਕੇ ਸਿਆਸਤ ਵਿੱਚ ਆਉਣ ਦੀ ਇੱਛਾ ਜ਼ਾਹਿਰ ਕਰਨਾ ਜੰਮੂ ਕਸ਼ਮੀਰ ਵਿੱਚ ਸ਼ਾਂਤੀ ਤੇ ਸਥਿਰਤਾ ਵੱਲ ਵਧਾਇਆ ਗਿਆ ਕਦਮ ਸਾਬਿਤ ਹੋ ਸਕਦਾ ਹੈ। ਉਂਝ, ਸਰਕਾਰ ਨੂੰ ਇਸ ਬਾਰੇ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਇਸ ਦਾ ਵੱਖ-ਵੱਖ ਪੱਖਾਂ ਤੋਂ ਗੰਭੀਰ ਮੁਲਾਂਕਣ ਕਰਨਾ ਪਏਗਾ। ਇਹ ਖੇਤਰ ਹੁਣ ਜਿਸ ਮੋੜ 'ਤੇ ਖੜ੍ਹਾ ਹੈ, ਉੱਥੇ ਜਮਾਤ-ਏ-ਇਸਲਾਮੀ ਅਤੇ ਸਰਕਾਰ ਦੇ ਅਗਲੇ ਕਦਮ ਜੰਮੂ ਕਸ਼ਮੀਰ ਦੇ ਭਵਿੱਖੀ ਰਾਜਨੀਤਕ ਭੂ-ਦ੍ਰਿਸ਼ ਨੂੰ ਕੋਈ ਦਿਸ਼ਾ ਦੇਣ 'ਚ ਮਹੱਤਵਪੂਰਨ ਸਾਬਿਤ ਹੋਣਗੇ।

ਅਗਨੀਪਥ ਵਿਵਾਦ

ਅਗਨੀਪਥ ਸਕੀਮ ਨੂੰ ਸ਼ੁਰੂ ਹੋਇਆਂ ਦੋ ਸਾਲ ਹੋ ਚੱਲੇ ਹਨ ਪਰ ਇਹ ਅਜੇ ਵੀ ਗੰਭੀਰ ਅਜ਼ਮਾਇਸ਼ ਵਿੱਚੋਂ ਲੰਘ ਰਹੀ ਹੈ। ਸੇਵਾਮੁਕਤ ਸੈਨਾ ਅਧਿਕਾਰੀ ਸਮੇਂ-ਸਮੇਂ ਇਸ ਬਾਰੇ ਚਿੰਤਾ ਜ਼ਾਹਿਰ ਕਰ ਚੁੱਕੇ ਹਨ। ਹਥਿਆਰਬੰਦ ਬਲਾਂ ਵਿੱਚ ਥੋੜ੍ਹੇ ਸਮੇਂ ਲਈ ਭਰਤੀ ਦੀ ਇਹ ਸਕੀਮ ਲਾਂਚ ਤੋਂ ਬਾਅਦ ਲਗਾਤਾਰ ਵਿਵਾਦਾਂ ਵਿੱਚ ਹੀ ਰਹੀ ਹੈ। ਸਾਬਕਾ ਫ਼ੌਜੀ ਅਧਿਕਾਰੀਆਂ ਨੇ ਇਸ ਸਕੀਮ ਤਹਿਤ ਸਿਰਫ਼ 25 ਪ੍ਰਤੀਸ਼ਤ ਅਗਨੀਵੀਰਾਂ ਨੂੰ ਹੀ ਸਥਾਈ ਕੇਡਰ ਤਹਿਤ ਸੇਵਾਵਾਂ 'ਚ ਬਰਕਰਾਰ ਰੱਖਣ ਜਿਹੇ ਮੁੱਦਿਆਂ ਨੂੰ ਉਭਾਰਿਆ ਹੈ। ਉਨ੍ਹਾਂ ਸੈਨਾ ਵਿੱਚ ਜਵਾਨਾਂ ਦੀ ਘਾਟ ਨੂੰ ਵੀ ਉਜਾਗਰ ਕੀਤਾ ਹੈ। ਅਪਰਾਧਕ ਗਤੀਵਿਧੀਆਂ ਵਿੱਚ ਅਗਨੀਵੀਰਾਂ ਦੀ ਸ਼ਮੂਲੀਅਤ ਦੀਆਂ ਹਾਲੀਆ ਘਟਨਾਵਾਂ ਚਿੰਤਾਜਨਕ ਹਨ। ਸੇਵਾਵਾਂ ਤੋਂ ਰਿਲੀਜ਼ ਕੀਤੇ ਜਾਣ ਮਗਰੋਂ ਇਨ੍ਹਾਂ ਦੇ ਭਵਿੱਖ ਸਬੰਧੀ ਕਈ ਸਵਾਲ ਅਜੇ ਵੀ ਉਸੇ ਤਰ੍ਹਾਂ ਖੜ੍ਹੇ ਹਨ। ਕੁਝ ਸਾਬਕਾ ਫ਼ੌਜੀ ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਸਮੇਂ ਨਾਲ ਪਰਖੀ ਜਾ ਚੁੱਕੀ ਪੁਰਾਣੀ ਭਰਤੀ ਪ੍ਰਕਿਰਿਆ ਨਾਲ ਛੇੜਛਾੜ ਨਹੀਂ ਕੀਤੀ ਜਾਣੀ ਚਾਹੀਦੀ।

ਅਗਨੀਪਥ ਸਕੀਮ ਬਾਰੇ ਜਿੱਥੇ ਫ਼ੌਜੀ ਬਰਾਦਰੀ ਅੰਦਰ ਅਸਹਿਮਤੀ ਹੈ, ਉੱਥੇ ਸਿਆਸੀ ਅਖਾੜੇ ਵਿੱਚ ਵੀ ਇਹ ਟਕਰਾਅ ਦਾ ਮੁੱਦਾ ਬਣੀ ਹੋਈ ਹੈ। ਪਿਛਲੇ ਹਫ਼ਤੇ ਕਾਰਗਿਲ ਵਿਜੈ ਦਿਵਸ ਮੌਕੇ ਆਪਣੇ ਭਾਸ਼ਣ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਾ ਸਿਰਫ਼ ਜ਼ੋਰਦਾਰ ਢੰਗ ਨਾਲ ਸਕੀਮ ਦਾ ਬਚਾਓ ਕੀਤਾ, ਨਾਲ ਹੀ ਵਿਰੋਧੀ ਧਿਰ 'ਤੇ ਭਰਤੀ ਪ੍ਰਕਿਰਿਆ ਉੱਤੇ ਸਿਆਸਤ ਕਰਨ ਦਾ ਦੋਸ਼ ਵੀ ਲਾਇਆ। ਪ੍ਰਧਾਨ ਮੰਤਰੀ ਨੇ ਜ਼ੋਰ ਦਿੱਤਾ ਕਿ ਅਗਨੀਪਥ ਸਕੀਮ ਹਥਿਆਰਬੰਦ ਬਲਾਂ ਨੂੰ ਜਵਾਨ ਅਤੇ ਫਿੱਟ ਰੱਖਣ ਵੱਲ ਸੇਧਿਤ ਹੈ। ਉਨ੍ਹਾਂ ਵਿਰੋਧੀ ਧਿਰਾਂ ਦੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕੀਤਾ ਕਿ ਇਹ ਸਕੀਮ ਪੈਨਸ਼ਨ ਦੇ ਪੈਸੇ ਬਚਾਉਣ ਲਈ ਲਿਆਂਦੀ ਗਈ ਹੈ। ਕਾਂਗਰਸ ਦੀ ਅਗਵਾਈ ਵਿੱਚ ਵਿਰੋਧੀ ਪਾਰਟੀਆਂ ਨਿਰੰਤਰ ਇਸ ਸਕੀਮ ਨੂੰ ਰੱਦ ਕਰਨ ਦੀ ਮੰਗ ਕਰ ਰਹੀਆਂ ਹਨ। ਸੱਤਾਧਾਰੀ ਭਾਜਪਾ ਦੇ ਕੁਝ ਸਹਿਯੋਗੀ ਦਲਾਂ, ਖ਼ਾਸ ਤੌਰ 'ਤੇ ਜਨਤਾ ਦਲ (ਯੂਨਾਈਟਿਡ) ਨੇ ਵੀ ਇਸ ਸਕੀਮ ਦੀ ਵਿਆਪਕ ਪੱਧਰ 'ਤੇ ਸਮੀਖਿਆ ਮੰਗੀ ਹੈ।

ਸਰਕਾਰ ਚੀਜ਼ਾਂ ਨੂੰ ਬੇਤਰਤੀਬ ਨਹੀਂ ਰੱਖ ਸਕਦੀ ਕਿਉਂਕਿ ਸਹਿਮਤੀ ਨਾ ਬਣਨ ਦੇ ਅਸਰ ਹਥਿਆਰਬੰਦ ਬਲਾਂ ਦੀ ਜੰਗੀ ਤਿਆਰੀ ਉੱਤੇ ਪੈ ਸਕਦੇ ਹਨ। ਭਾਜਪਾ ਸ਼ਾਸਿਤ ਕਈ ਰਾਜਾਂ ਨੇ ਐਲਾਨ ਕੀਤਾ ਹੈ ਕਿ ਉਹ ਸਾਬਕਾ ਅਗਨੀਵੀਰਾਂ ਨੂੰ ਪੁਲੀਸ ਭਰਤੀਆਂ ਅਤੇ ਇਸ ਤਰ੍ਹਾਂ ਦੀਆਂ ਹੋਰਨਾਂ ਨੌਕਰੀਆਂ ਵਿੱਚ ਰਾਖਵਾਂਕਰਨ ਜਾਂ ਪਹਿਲ ਦੇਣਗੇ। ਆਲੋਚਕਾਂ ਨੂੰ ਚੁੱਪ ਕਰਾਉਣ ਲਈ ਇਹ ਸਭ ਕੁਝ ਕਾਫ਼ੀ ਨਹੀਂ ਜਾਪਦਾ। ਕੇਂਦਰ ਸਰਕਾਰ ਨੂੰ ਸੁਝਾਵਾਂ ਬਾਰੇ ਲਚਕ ਰੱਖਣੀ ਚਾਹੀਦਾ ਹੈ ਤੇ ਸਕੀਮ ਦੀਆਂ ਕਮੀਆਂ-ਪੇਸ਼ੀਆਂ ਦੂਰ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਲਚਕਦਾਰ ਰਵੱਈਆ ਨਾ ਰੱਖਣ ਦੇ ਮਾੜੇ ਅਸਰ ਹੋ ਸਕਦੇ ਹਨ। ਜਿ ?ਕਰਯੋਗ ਹੈ ਕਿ ਕੇਂਦਰ ਸਰਕਾਰ ਨੂੰ ਤਿੰਨ ਖੇਤੀ ਕਾਨੂੰਨ ਵੀ ਲਾਗੂ ਕਰਨ ਤੋਂ ਬਾਅਦ ਸਾਲ ਭਰ ਚੱਲੇ ਰੋਸ ਪ੍ਰਦਰਸ਼ਨਾਂ ਕਾਰਨ ਵਾਪਸ ਲੈਣੇ ਪਏ ਸਨ।

ਅਗਨੀਪਥ ਮਾਮਲੇ ਵਿੱਚ ਕੌਮੀ ਸੁਰੱਖਿਆ ਅਤੇ ਸੈਨਿਕਾਂ ਦਾ ਮਨੋਬਲ ਦਾਅ ਉੱਤੇ ਲੱਗਾ ਹੋਇਆ ਹੈ। ਇਸ ਸੂਰਤ ਵਿੱਚ ਦਿਖਾਵੇ ਦੀ ਸਿਆਸਤ ਤੋਂ ਬਚਣਾ ਚਾਹੀਦਾ ਹੈ ਅਤੇ ਇਸ ਮਸਲੇ ਦੇ ਕਾਰਗਰ ਹੱਲ ਲਈ ਰਾਹ ਮੋਕਲਾ ਕਰਨਾ ਚਾਹੀਦਾ ਹੈ।

ਸਿਹਤ ਤੇ ਸਿੱਖਿਆ ਦਾ ਕਿਸੇ ਨੂੰ ਖਿਆਲ ਨਹੀਂ

ਜਯੋਤੀ ਮਲਹੋਤਰਾ

ਹਲਕੀਆਂ ਭੂਰੀਆਂ ਧਾਰੀਆਂ ਵਾਲਾ ਜੈਤੂਨੀ, ਹਰੇ ਰੰਗ ਦਾ ਬੰਦਗਲਾ ਪਹਿਨ ਕੇ ਸ਼ੁੱਕਰਵਾਰ ਨੂੰ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਰਗਿਲ ਮੈਮੋਰੀਅਲ 'ਤੇ ਪਹੁੰਚ ਕੇ ਪਾਕਿਸਤਾਨ ਨੂੰ ਸਰਹੱਦ ਪਾਰੋਂ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਬਦਲੇ ਖ਼ਰੀਆਂ-ਖੋਟੀਆਂ ਸੁਣਾ ਰਹੇ ਸਨ ਤਾਂ ਸਾਫ਼ ਦਿਸ ਰਿਹਾ ਸੀ ਕਿ ਕੁਝ ਚੀਜ਼ਾਂ 25 ਸਾਲਾਂ ਬਾਅਦ ਵੀ ਨਹੀਂ ਬਦਲੀਆਂ।

ਉਂਝ, ਚੰਡੀਗੜ੍ਹ ਵਿੱਚ ਬਜਟ ਦਸਤਾਵੇਜ਼ਾਂ ਦੇ ਅਧਿਐਨ ਦੀ ਉਡੀਕ ਹੋ ਰਹੀ ਸੀ। ਇੱਕ ਪਲ ਲਈ ਲੱਗਿਆ ਜਿਵੇਂ 'ਸਿਹਤ' ਅਤੇ 'ਸਿੱਖਿਆ' ਵਾਲੇ ਭਾਗ ਕਿਤੇ ਗੁੰਮ ਹੀ ਹੋ ਗਏ ਹਨ। ਪਿਛਲੇ ਹਫ਼ਤੇ ਜਦੋਂ ਬਜਟ ਪੇਸ਼ ਕੀਤਾ ਗਿਆ ਸੀ ਤਾਂ ਭਾਰਤ ਦੇ ਸ਼ੇਅਰ ਬਾਜ਼ਾਰ ਦੇ ਸ਼ੈਦਾਈ ਦਰਸ਼ਕਾਂ ਨੇ ਬਜਟ ਦੇ ਪੂੰਜੀ ਲਾਭ 'ਤੇ ਟੈਕਸ ਵਾਲੇ ਭਾਗ ਨੂੰ ਬਹੁਤ ਗਹੁ ਨਾਲ ਵਾਚਿਆ ਸੀ ਤੇ ਸ਼ਾਇਦ ਸਿਹਤ ਤੇ ਸਿੱਖਿਆ ਵਾਲੇ ਭਾਗਾਂ ਨੂੰ ਪੂੰਜੀ ਲਾਭ ਵਾਲੇ ਭਾਗ ਵਿੱਚ ਲੀਕ ਕਰ ਦਿੱਤਾ ਗਿਆ ਸੀ। ਗ਼ੌਰਤਲਬ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਆਪਣੇ ਭਾਸ਼ਣ ਵਿੱਚ ਸ਼ੇਅਰ ਬਾਜ਼ਾਰ ਦੀਆਂ 'ਮੁਹਾਰਾਂ' ਦੇ ਜਿ ?ਕਰ ਮਾਤਰ ਨਾਲ ਹੀ ਬਾਜ਼ਾਰ ਨੂੰ ਤਾਅ ਚੜ੍ਹ ਗਿਆ ਸੀ ਪਰ ਹਰ ਕੋਈ ਜਾਣਦਾ ਹੈ ਕਿ ਮੰਗਲਾਗਿਰੀ ਸਾੜੀ ਪਹਿਨ ਕੇ ਆਈ ਅਡੋਲ ਨਿਰਮਲਾ ਬਹੁਤ ਜਥ੍ਹੇ ਵਾਲੀ ਔਰਤ ਹੈ ਅਤੇ ਇਹ ਉੱਥੇ ਜਾ ਰਹੀ ਹੈ ਜਿੱਥੇ ਦੇਵਤੇ ਅਤੇ ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਵੀ ਜਾਣ ਤੋਂ ਡਰਦੇ ਸਨ। ਕੋਈ ਉਨ੍ਹਾਂ ਨੂੰ 'ਪਲਟੂ ਵਿੱਤ ਮੰਤਰੀ' ਦਾ ਲਕਬ ਨਹੀਂ ਦੇ ਸਕਦਾ।

ਇਸ ਦੇ ਨਾਲ ਹੀ ਇੱਕ ਹੋਰ ਸਵਾਲ ਪੈਦਾ ਹੁੰਦਾ ਹੈ: ਨਿਰਮਲਾ ਸੀਤਾਰਮਨ ਨੇ ਸਿਹਤ ਅਤੇ ਸਿੱਖਿਆ ਖੇਤਰਾਂ ਦੇ ਸੁਧਾਰ, ਕਾਇਆ ਕਲਪ ਅਤੇ ਆਧੁਨਿਕੀਕਰਨ ਦੀ ਅਣਸਰਦੀ ਪੁਕਾਰ ਨੂੰ ਨਜ਼ਰ ਅੰਦਾਜ਼ ਕਿਉਂ ਕੀਤਾ ? ਮਰਦ ਪ੍ਰਧਾਨ ਸਿਆਸੀ ਪਾਰਟੀ ਦੀਆਂ ਮੋਹਰੀ ਸਫ਼ਾਂ ਤੱਕ ਅੱਪੜਨ ਵਿੱਚ ਕਾਮਯਾਬ ਹੋਣ ਅਤੇ ਇਸ ਤੋਂ ਪਹਿਲਾਂ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿੱਚ ਪੜ੍ਹਨ ਵਾਲੀ ਬੀਬੀ ਨਿਰਮਲਾ ਬਾਖ਼ੂਬੀ ਜਾਣਦੀ ਹੈ ਕਿ ਕਣਕ ਤੇ ਕੋਕੜੂ ਨੂੰ ਕਿਵੇਂ ਵੱਖ ਕਰੀਦਾ; ਭਾਵ, ਚੰਗੇ ਤੇ ਮਾੜੇ ਵਿੱਚ ਫ਼ਰਕ ਕਿਵੇਂ ਕਰਨਾ ਹੁੰਦਾ ਹੈ (ਮਸਲਨ, ਉਸ ਮੁਤੱਲਕ ਆਪਣੀ ਪੁਰਾਣੀ ਵਜ਼ਾਰਤੀ ਸਾਥਣ ਤੇ 2014 ਵਿੱਚ ਮਨੁੱਖੀ ਸਰੋਤ ਵਿਕਾਸ ਮੰਤਰੀ ਹੁੰਦਿਆਂ ਸਿਮ੍ਰਤੀ ਇਰਾਨੀ ਵਾਂਗ ਆਪਣੇ ਮਾਤਹਿਤ ਅਫ਼ਸਰਾਂ 'ਤੇ ਫਾਈਲਾਂ ਵਗਾਹ ਮਾਰਨ ਜਿਹੀ ਕਦੇ ਕੋਈ ਗੱਲ ਸੁਣਨ ਨੂੰ ਨਹੀਂ ਮਿਲੀ)। ਦਰਅਸਲ, ਉਹ ਅੰਕੜਿ ?ਆਂ ਦਾ ਇਹਤਰਾਮ ਕਰਦੇ ਹਨ, ਉਦੋਂ ਵੀ ਜਦੋਂ ਇਹ ਪ੍ਰਤੱਖ ਰੂਪ ਵਿੱਚ ਛੁਪੇ ਹੁੰਦੇ ਹਨ।

ਉਹ ਜਾਣਦੇ ਹਨ ਕਿ ਬਜਟ ਅਨੁਮਾਨਾਂ ਦੀ ਸੋਧੇ ਹੋਏ ਅਨੁਮਾਨਾਂ ਨਾਲ ਤੁਲਨਾ ਕਰਨਾ ਨਿਹਾਇਤ ਗ਼ਲਤ ਹੈ ਕਿਉਂਕਿ ਦੋਵਾਂ ਵਿਚ ਓਨਾ ਹੀ ਫ਼ਰਕ ਹੈ ਜਿੰਨਾ ਫੱਕ ਤੇ ਪਨੀਰ ਵਿਚ ਹੁੰਦਾ ਹੈ; ਬਜਟ ਅਨੁਮਾਨ ਦਾ ਸਬੰਧ ਆਉਣਵਾਲੇ ਭਾਵ ਕਿਸੇ ਮੰਤਵ ਲਈ ਮੁਕੱਰਰ ਕੀਤੀ ਰਕਮ ਨਾਲ ਹੁੰਦਾ ਹੈ ਤੇ ਸੋਧੇ ਹੋਏ ਅਨੁਮਾਨ ਦਾ ਤਾਅਲੁਕ ਉਸ ਬਾਬਤ ਹਕੀਕੀ ਰੂਪ ਵਿੱਚ ਖਰਚ ਕੀਤੀ ਰਕਮ ਨਾਲ ਹੁੰਦਾ ਹੈ। ਇਸ ਲਈ ਇਸ ਸਾਲ ਦੇ ਬਜਟ ਅਨੁਮਾਨ ਦੀ ਪਿਛਲੇ ਸਾਲ ਦੇ ਸੋਧੇ ਹੋਏ ਅਨੁਮਾਨ ਨਾਲ ਤੁਲਨਾ ਕਰ ਕੇ ਇਹ ਕਹਿਣਾ ਬਿਲਕੁਲ ਗ਼ਲਤ ਹੋਵੇਗਾ ਕਿ ਇਸ ਸਾਲ ਸਿਹਤ ਖੇਤਰ ਲਈ 12 ਫ਼ੀਸਦੀ ਜਿਆਦਾ ਫੰਡ ਮਿਲੇ ਹਨ ਕਿਉਂਕਿ ਇਹ ਸੇਬਾਂ ਦੀ ਸੰਤਰਿਆਂ ਨਾਲ ਤੁਲਨਾ ਕਰਨ ਵਰਗੀ ਗੱਲ ਹੋ ਜਾਂਦੀ ਹੈ। ਮੁਨਾਸਿਬ ਗੱਲ ਇਹ ਹੋਵੇਗੀ ਕਿ ਇਸ ਸਾਲ ਦੇ ਬਜਟ ਅਨੁਮਾਨ (90958.63 ਕਰੋੜ ਰੁਪਏ) ਦੀ ਪਿਛਲੇ ਸਾਲ ਦੇ ਬਜਟ ਅਨੁਮਾਨ (89155 ਕਰੋੜ ਰੁਪਏ) ਨਾਲ ਤੁਲਨਾ ਕੀਤੀ ਜਾਵੇ। ਇਸ ਤਰ੍ਹਾਂ ਸਿਹਤ ਮੰਤਰਾਲੇ ਦੇ ਬਜਟ ਵਿੱਚ 1803.63 ਕਰੋੜ ਰੁਪਏ ਦਾ ਮਾਮੂਲੀ ਵਾਧਾ ਹੋਇਆ ਹੈ ਜੋ ਸਿਰਫ਼ 1.98 ਫ਼ੀਸਦੀ ਬਣਦਾ ਹੈ। ਇਸ ਤੋਂ ਇਲਾਵਾ ਕੌਮੀ ਸਿਹਤ ਮਿਸ਼ਨ (ਐਨਐੱਚਐੱਮ) ਲਈ 1.16 ਫ਼ੀਸਦੀ ਅਤੇ ਪੀਐੱਮ-ਜੇਏਵਾਈ ਜੋ ਹੇਠਲੇ ਵਰਗ ਦੇ 55 ਕਰੋੜ ਲੋਕਾਂ ਵਾਸਤੇ ਸਕੀਮ ਹੈ, ਲਈ 1.4 ਫ਼ੀਸਦੀ ਵਾਧਾ ਹੋਇਆ ਹੈ। ਇਹ ਦੋਵੇਂ ਸਕੀਮਾਂ ਨਰਿੰਦਰ ਮੋਦੀ ਸਰਕਾਰ ਦੀ 2018 ਵਿੱਚ ਐਲਾਨੀ ਬਹੁ-ਚਰਚਿਤ ਆਯੂਸ਼ਮਾਨ ਭਾਰਤ ਯੋਜਨਾ ਦਾ ਮੁੱਖ ਆਧਾਰ ਹਨ।

ਇਸ ਮਾਮੂਲੀ ਵਾਧੇ ਨਾਲ ਤਪਦਿਕ (ਟੀਬੀ) ਦੇ ਖਾਤਮੇ (ਟੀਚਾ 2025) ਲਈ ਜਾਂ ਬਾਲ ਟੀਕਾਕਰਨ ਨੂੰ ਸਰਬਵਿਆਪੀ ਬਣਾਉਣ ਜਾਂ ਲੜਕੀਆਂ ਅਤੇ ਔਰਤਾਂ ਵਿੱਚ ਸਰਵਾਈਕਲ ਕੈਂਸਰ ਦੇ ਇਲਾਜ ਲਈ ਐੱਚਪੀਵੀ ਵੈਕਸੀਨ ਸ਼ੁਰੂ ਕਰਨ (ਜਿਸ ਦਾ ਲੰਘੀ ਫਰਵਰੀ ਵਿੱਚ ਅੰਤਰਿਮ ਬਜਟ ਵਿੱਚ ਵਾਅਦਾ ਕੀਤਾ ਗਿਆ ਸੀ) ਲਈ ਫੰਡ ਕਿੱਥੋਂ ਆਉਣਗੇ ? ਫਿਰ ਇਹ ਯਥ ਸਚਾਈ ਹੈ ਕਿ ਸਿਹਤ ਉੱਪਰ ਕੀਤਾ ਜਾਣ ਵਾਲਾ ਸਰਕਾਰੀ ਖਰਚ ਅਜੇ ਵੀ ਜੀਡੀਪੀ ਦਾ ਸਿਰਫ਼ 1.9 ਫ਼ੀਸਦੀ ਹੈ; 2017 ਦੀ ਕੌਮੀ ਸਿਹਤ ਨੀਤੀ ਵਿੱਚ ਇਹ ਖਰਚ ਵਧਾ ਕੇ 2.5 ਫ਼ੀਸਦੀ ਕਰਨ ਦਾ ਟੀਚਾ ਮਿੱਥਿਆ ਸੀ। ਕੋਵਿਡ-19 ਮਹਾਮਾਰੀ (ਜਿਸ ਦੀ ਭਾਰਤ ਉੱਪਰ ਬਹੁਤ ਬੁਰੀ ਮਾਰ ਪਈ, ਸਰਕਾਰੀ ਅੰਕੜਿ ?ਆਂ ਮੁਤਾਬਿਕ ਕੋਵਿਡ ਕਾਰਨ ਕਰੀਬ 532000 ਲੋਕਾਂ ਦੀ ਮੌਤ ਹੋਈ), ਦੇ ਮੱਦੇਨਜ਼ਰ ਅਸੀਂ ਸੋਚਦੇ ਸਾਂ ਕਿ ਕੁਝ ਸਬਕ ਲਏ ਜਾਣਗੇ ਪਰ ਮੋਦੀ ਸਰਕਾਰ ਨੇ ਇਹ ਸਬਕ ਲੈਣ ਤੋਂ ਇਨਕਾਰ ਕਿਉਂ ਕੀਤਾ ਹੈ ? ਸਿੱਖਿਆ ਖੇਤਰ ਵੀ ਇਸ ਤੋਂ ਬਹੁਤਾ ਪਿੱਛੇ ਨਹੀਂ। ਪਿਛਲੇ ਸਾਲ ਦੇ ਬਜਟ ਅਨੁਮਾਨ ਵਿੱਚ ਸਿੱਖਿਆ ਲਈ 112899.47 ਕਰੋੜ ਰੁਪਏ ਦਾ ਇੰਤਜ਼ਾਮ ਕੀਤਾ ਸੀ ਜੋ ਇਸ ਸਾਲ ਵਧਾ ਕੇ 120627.87 ਕ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸੇਵਾ ਦਿਵਸ ਵਜੋਂ ਮਨਾਇਆ ਗਿਆ

ਸ੍ਰੀ ਅਨੰਦਪੁਰ ਸਾਹਿਬ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸ੍ਰੀ ਆਨੰਦਪੁਰ ਸਾਹਿਬ ਖੇਤਰ ਦੇ ਵੱਲੋਂ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ÷ਸੇਵਾ ਦਿਵਸ÷ ਵਜੋਂ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਮਹਿੰਦਰਮੋਹਨ ਸਿੰਘ ਅਤੇਵ ਯੂਨਿਟ ਸਕੱਤਰ ਰਣਜੀਤ ਸਿੰਘ ਨੇ ਦੱਸਿਆ ਕਿ ਸਮੂਹ ਸੰਗਤ ਸਵੇਰੇ ਗੁਰਦੁਆਰਾ ਕਿਲਾ ਫ਼ਤਹਿਗੜ੍ਹ ਸਾਹਿਬ ਇਕੱਤਰ ਹੋਈ।

ਮਰੀਜ਼ਾਂ ਦੀ ਸਿਹਤਯਾਬੀ ਲਈ ਅਰਦਾਸ ਕਰਨ ਉਪਰੰਤ ਇਲਾਕੇ ਦੇ ਸਮੂਹ ਹਸਪਤਾਲਾਂ ਵਿੱਚ ਦਾਖ਼ਲ ਮਰੀਜ਼ਾਂ ਅਤੇ ਬਾਬਾ ਵਿਸਾਖਾ ਸਿੰਘ ਬਿਰਧ ਆਸ਼ਰਮ ਦੇ ਬਜ਼ੁਰਗਾਂ ਨੂੰ ਫ਼ਲ, ਰਸ, ਬਿਸਕੁਟ ਆਦਿ ਪ੍ਰਸ਼ਾਦ ਵਜੋਂ ਵੰਡਿਆ ਗਿਆ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੀਵਨ ਅਤੇ ਫਲਸਫੇ ਨਾਲ ਸਬੰਧਤ ਸਾਹਿਤ ਵੀ ਵੰਡਿਆ ਗਿਆ।

ਹਸਪਤਾਲਾਂ ਵਿੱਚ ਦਾਖ਼ਲ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਵੱਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਰਜਿੰਦਰ ਕੌਰ, ਜਸਵੀਰ ਕੌਰ, ਅਭਿਲਾਸ਼ਾ ਕੌਰ, ਤੇਜਪਾਲ ਸਿੰਘ, ਮਨਮੋਹਨ ਸਿੰਘ, ਮਨਦੀਪ ਸਿੰਘ, ਸ਼ਮਸ਼ੇਰ ਸਿੰਘ, ਇੰਦਰਜੀਤ ਸਿੰਘ ਦੇਹਣੀ, ਮਨਦੀਪ ਸਿੰਘ, ਅਜੇ ਬੈਂਸ, ਕਿਰਪਾਲ ਸਿੰਘ ਬੀਕਾਪੁਰ, ਰਿਟਾਇਰਡ ਕੈਪਟਨ ਦਲਜੀਤ ਸਿੰਘ, ਹਰਪ੍ਰੀਤ ਸਿੰਘ ਜਿੰਦਵੜੀ,ਗੁਲਨਾਜ ਕੌਰ, ਬਿੰਦਰ ਕੌਰ, ਜਪਲੀਨ ਕੌਰ, ਦਰਸਪ੍ਰੀਤ ਸਿੰਘ, ਦਲਜੀਤ ਸਿੰਘ ਸਜਮੋਰ, ਹਰਪ੍ਰੀਤ ਸਿੰਘ ਗੰਗੂਵਾਲ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

ਟਰਾਈਡੈਂਟ ਵਲੋਂ ਜੰਗਲ ਲਗਾਕੇ ਦਿੱਤਾ ਗਿਆ ਵਾਤਾਵਰਣ ਸੰਭਾਲ ਦਾ ਸੁਨੇਹਾ- ਡਿਪਟੀ ਕਮਿਸ਼ਨਰ

ਬਰਨਾਲਾ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜਿਲਾ ਡਿਪਟੀ ਕਮਿਸ਼ਨਰ ਸ਼੍ਰੀਮਤੀ ਪੂਨਮਦੀਪ ਕੌਰ ਬਰਨਾਲਾ ਨੇ ਟਰਾਈਡੈਂਟ ਗਰੁੱਪ ਸੰਘੇੜਾ ਵਿਖੇ ਅਧਿਕਾਰੀਆਂ ਨਾਲ 5600 ਬੂਟਿਆਂ ਦੇ ਮਿੰਨੀ ਜੰਗਲ ਲਾਉਣ ਦੀ ਸ਼ੁਰੂਆਤ ਕੀਤੀ ਜਿਸ ਵਿਚ , ਜੰਡ, ਸੁਹਾਨਜਣਾ ,ਰੀਠਾ ਮਿਲਾਵੇਰ,ਪਿਲਖਣ,ਅਰਜੁਨ ਆਦਿ ਬੂਟੇ ਲਗਾ ਕੇ ਵਾਤਾਵਰਣ ਸੰਭਾਲ ਦਾ ਸੁਨੇਹਾ ਦਿੱਤਾ।

ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਕਿਹਾ ਇਹ ਟਰਾਈਡੈਂਟ ਗਰੁਪ ਵੱਲੋਂ ਜਿੱਥੇ ਹਰ ਸਮੇਂ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ ਕੇ ਹਿੱਸਾ ਲਿਆ ਜਾਂਦਾ ਹੈ ਉੱਥੇ ਵਾਤਾਵਰਨ ਨੂੰ ਬਚਾਉਣ ਦੇ ਲਈ 5600 ਬੂਟਿਆਂ ਦਾ ਜੰਗਲ ਲਾ ਕੇ ਵਾਤਾਵਰਨ ਬਚਾਉਣ ਦਾ ਇੱਕ ਚੰਗਾ ਸੁਨੇਹਾ ਦਿੱਤਾ ਹੈ ਜਿਸ ਤਹਿਤ ਵਾਤਾਵਰਨ ਸ਼ੁੱਧ ਹੋਵੇਗਾ ਓਹਨਾ ਕਿਹਾ ਇਹ ਟਰਾਈਡੈਂਟ ਗਰੁੱਪ ਵੱਲੋਂ ਕੀਤਾ ਜਾਣ ਵਾਲਾ ਇੱਕ ਵੰਡ ਮੁੱਲਾ ਕਾਰਜ ਹੈ ਕਿਉਂਕਿ ਬੂਟੇ ਲਾਉਣ ਤੋਂ ਬਾਅਦ ਉਹਨਾਂ ਦੀ ਸਾਂਭ ਸੰਭਾਲ ਕਰਨੀ ਜਰੂਰੀ ਹੈ

ਡਿਪਟੀ ਕਮਿਸ਼ਨਰ ਸ਼੍ਰੀਮਤੀ ਪੂਨਮਦੀਪ ਕੌਰ ਨੇ ਅੱਗੇ ਕਿਹਾ ਇਹ ਬੜਾ ਹੀ ਚੰਗਾ ਉਪਰਾਲਾ ਕੀਤਾ ਗਿਆ ਹੈ ਜਿਸ ਨਾਲ ਟਰਾਈਡੈਂਟ ਗਰੁੱਪ ਬਰਨਾਲਾ 'ਚ ਦਰਖਤਾਂ ਦੀ ਗਿਣਤੀ ਵਧਾਉਣ 'ਚ ਵਿਸ਼ੇਸ਼ ਯੋਗਦਾਨ ਪਾ ਰਿਹਾ ਹਨ।

ਉਨ੍ਹਾਂ ਕਿਹਾ ਕਿ ਜ਼ਿਆਦਾਤਰ ਮੁਹਿੰਮਾਂ ਕੇਵਲ ਬੂਟੇ ਲਗਾਉਣ ਤੱਕ ਹੀ ਸੀਮਿਤ ਹੁੰਦੀਆਂ ਹਨ ਪ੍ਰੰਤੂ ਇਨ੍ਹਾਂ ਬੂਟਿਆਂ ਦੀ ਦੇਖਭਾਲ ਅਤੇ ਪਾਣੀ ਦੇਣ ਦਾ ਕੰਮ ਨਿਰੰਤਰ ਜਾਰੀ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੇ ਮਿਸ਼ਨ ਹਰਿਆਵਲ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯੋਗ ਥਾਵਾਂ 'ਤੇ ਪੌਦੇ ਲਗਾਏ ਜਾ ਰਹੇ ਹਨ ਜਿਸ ਵਿੱਚ ਹਰ ਜ਼ਿਲ੍ਹਾ ਵਾਸੀ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।

ਇਸ ਮੌਕੇ ਸ੍ਰੀ ਗੁਨੀਤ ਸੇਠੀ ✓5© ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕਿਹਾ ਕਿ ਵੱਧ ਰਹੀ ਆਲਮੀ ਤਪਸ਼ ਦੇ ਮੱਦੇਨਜ਼ਰ ਵੱਧ ਤੋਂ ਵੱਧ ਰੁੱਖ ਲਗਾਉਣਾ ਸਮੇਂ ਦੀ ਲੋੜ ਹੈ ਟਰਾਈਡੈਂਟ ਵੱਲੋਂ 5600 ਬੂਟੇ ਜੰਗਲ ਲਾਉਣ ਦਾ ਜੋ ਕਾਰਜ ਹੈ ਇਸ ਨਾਲ ਵਾਤਾਵਰਨ ਦੇ ਵਿੱਚ ਸ਼ੁੱਧਤਾ ਵੀ ਆਵੇਗੀ ?ਇਸ ਮੌਕੇ ਵਣ ਰੇਂਜ ਅਫ਼ਸਰ ਅਜੀਤ ਸਿੰਘ, ਟਰਾਈਡੈਂਟ ਅਧਿਕਾਰੀ ਰੁਪਿੰਦਰ ਗੁਪਤਾ ਐਡਮਿਨ ਹੈਡ ਜਰਮਨਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਟਰਾਈਡੈਂਟ ਅਧਿਕਾਰੀ ਅਤੇ ਵਰਕਰ ਹਾਜ਼ਰ ਸਨ

ਨਗਰ ਕੌਂਸਲ ਜ਼ੀਰਕਪੁਰ ਦੇ ਨਿਕਾਸੀ ਪ੍ਰਬੰਧਾਂ ਦੇ ਦਾਅਵੇ ਫੇਲ

ਜ਼ੀਰਕਪੁਰ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜ਼ੀਰਕਪੁਰ ਨਗਰ ਕੌਂਸਲ ਦੇ ਦਾਅਵਿਆਂ ਦੇ ਬਾਵਜੂਦ ਵੀਆਈਪੀ ਰੋਡ 'ਤੇ ਨਿਕਾਸੀ ਪ੍ਰਬੰਧਾਂ ਦੀ ਪੋਲ ਖੁੱਲ੍ਹ ਗਈ ਹੈ ਅਤੇ ਸੀਵਰੇਜ ਦਾ ਗੰਦਾ ਪਾਣੀ ਸੜਕਾਂ 'ਤੇ ਘੁੰਮ ਰਿਹਾ ਹੈ। ਸਥਾਨਕ ਵਸਨੀਕਾਂ ਨਵ ਨਿਰਾਸ਼ਾ ਜ਼ਾਹਰ ਕਰਦੇ ਹੋਏ ਕਿਹਾ ਹੈ ਕਿ ਇਹ ਸਮੱਸਿਆ ਕਈ ਮਹੀਨਿਆਂ ਤੋਂ ਜਾਰੀ ਹੈ ਜੋ ਲੋਕਾਂ ਦੀ ਸਿਹਤ ਲਈ ਖ਼ਤਰਾ ਹੈ।ਹਾਸਲ ਜਾਣਕਾਰੀ ਅਨੁਸਾਰ ਵੀਆਈਪੀ ਰੋਡ 'ਤੇ ਡੀਪੀਐਸ ਸਕੂਲ ਦੇ ਮੋੜ ਤੋਂ ਸਾਊਥ ਸਿਟੀ ਤੱਕ ਦਾ ਸੜਕ ਤੇ ਸੀਵਰੇਜ ਦਾ ਗੰਦਾ ਪਾਣੀ ਓਵਰਫਲੋ ਹੋਣ ਅਤੇ ਬਰਸਾਤੀ ਪਾਣੀ ਦੀ ਨਿਕਸੀ ਦੇ ਨਾਕਸ਼ ਪ੍ਰਬੰਧਾਂ ਕਾਰਨ ਇਹ ਸੜਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਬਰਸਾਤ ਦੌਰਾਨ ਇਸ ਸੜਕ ਤੇ ਪਾਣੀ ਦਾ ਪੱਧਰ 2 ਤੋਂ 3 ਫੁੱਟ ਤੱਕ ਪਹੁੰਚ ਜਾਂਦਾ ਹੈ, ਜਿਸ ਕਾਰਨ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਦਾ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਕੌਂਸਲ ਵੱਲੋਂ ਸਮੱਸਿਆ ਪੈਦਾ ਨਾ ਹੋਣ ਦੇ ਦਾਅਵਿਆਂ ਦੇ ਬਾਵਜੂਦ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ, ਜਿਸ ਕਾਰਨ ਲੋਕਾਂ ਨੂੰ ਅਸੁਵਿਧਾ ਅਤੇ ਖੱਜਲ-ਖੁਆਰ ਹੋਣਾ ਪੈ ਰਿਹਾ ਹੈ। ਸੀਵਰੇਜ਼ ਦਾ ਪਾਣੀ ਸੜਕ 'ਚ ਖੜ੍ਹਾ ਰਹਿੰਦਾ ਹੈ ਜਿੱਥੋਂ ਪੈਦਲ ਲੰਘਣਾ ਬੇਹੱਦ ਔਖਾ ਹੈ। ਸਕੂਲ ਆਉਣ ਜਾਣ ਵਾਲੇ ਬੱਚਿਆਂ ਨੂੰ ਜ਼ਿਆਦਾ ਪ੍ਰੇਸ਼ਾਨੀ ਹੁੰਦੀ ਹੈ। ਬਦਬੂਦਾਰ ਵਾਤਾਵਰਨ ਅਤੇ ਗੰਦੇ ਪਾਣੀ ਕਾਰਨ ਕਿਸੇ ਬੀਮਾਰੀ ਫੈਲਣ ਦਾ ਡਰ ਰਹਿੰਦਾ ਹੈ। ਨਗਰ ਕੌਂਸਲ ਜ਼ੀਰਕਪੁਰ ਵੱਲੋਂ ਇਸ ਚਿਰੋਕਣੀ ਸਮੱਸਿਆ ਦਾ ਢੁਕਵਾਂ ਹੱਲ ਨਾ ਕੀਤੇ ਜਾਣ ਕਾਰਨ ਲੋਕਾਂ ਵਿੱਚ ਰੋਸ ਹੈ। ਜਿਕਰਯੋਗ ਹੈ ਕਿ ਸਾਲ 2023 ਵਿੱਚ ਜ਼ੀਰਕਪੁਰ ਨਗਰ ਕੌਂਸਲ ਵੱਲੋਂ ਕਰੀਬ 4 ਕਰੋੜ ਦੀ ਲਾਗਤ ਨਾਲ ਸੁਪਰ ਸਕਸ਼ਨ ਮਸ਼ੀਨਾਂ ਰਾਹੀਂ ਸ਼ਹਿਰ ਦੇ ਸੀਵਰੇਜ਼ ਦੀ ਸਫ਼ਾਈ ਕਰਵਾ ਇਹ ਦਾਅਵਾ ਕੀਤਾ ਗਿਆ ਸੀ ਕਿ ਹੁਣ ਸ਼ਹਿਰ ਵਿੱਚ ਸੀਵਰੇਜ਼ ਓਵਰਫਲੋ ਦੀ ਸਮੱਸਿਆ ਨਹੀਂ ਆਵੇਗੀ ਪਰ ਇਸ ਸੜਕ ਤੇ ਹਫਤਿਆਂ ਤੋਂ ਖੜੇ ਗੰਦੇ ਅਤੇ ਬਦਬੂਦਾਰ ਪਾਣੀ ਨੇ ਦਾਅਵਿਆਂ ਦੀ ਫੂਕ ਕੱਢ ਕੇ ਰੱਖ ਦਿੱਤੀ ਹੈ, ਜਦਕਿ ਇਸ ਸੜਕ ਤੇ ਆਪਣੀ ਜਿੰਦਗੀ ਭਰ ਦੀ ਕਮਾਈ ਖ਼ਰਚ ਕੇ ਫਲੈਟ ਅਤੇ ਮਕਾਨ ਲੈਣ ਵਾਲੇ ਲੋਕ ਨਰਕ ਭਰੀ ਜਿੰਦਗੀ ਜਿਉਣ ਲਈ ਮਜਬੂਰ ਹਨ। ਗੰਦੇ ਪਾਣੀ ਦੀ ਨਿਕਾਸੀ ਦਾ ਪੁਖਤਾ ਪ੍ਰਬੰਧ ਨਾ ਹੋਣ ਕਰਕੇ ਇਸ ਖੇਤਰ ਦੀ ਪ੍ਰਮੁੱਖ ਸੜਕ ਸਦਾਬਹਾਰ ਛੱਪੜ ਬਣੀ ਰਹਿੰਦੀ ਹੈ। ਸਥਾਨਕ ਵਸਨੀਕਾਂ ਨੇ ਨਗਰ ਕੌਂਸਲ ਅਤੇ ਪ੍ਰਸ਼ਾਸ਼ਨ ਨੂੰ ਜਲਦ ਤੋਂ ਜਲਦ ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰਨ ਲਈ ਸੰਜੀਦਾ ਉੱਦਮ ਕਰਨ ਦੀ ਅਪੀਲ ਕੀਤੀ। ਇਸ ਬਾਰੇ ਜੇ.ਈ ਕੁਲਵੰਤ ਸਿੰਘ ਨੇ ਦੱਸਿਆ ਕਿ ਸਮੱਸਿਆ ਉਨ੍ਹਾਂ ਦੇ ਨੋਟਿਸ 'ਚ ਹੈ ਅਤੇ ਉਨ੍ਹਾਂ ਮੌਕਾ ਦੇਖਿਆ ਹੈ ਨਿਕਾਸੀ ਲਈ ਪਾਏ ਗਏ ਪਾਈਪ ਬੰਦ ਹੋਏ ਹਨ। ਜਲਦ ਹੀ ਨਿਕਾਸੀ ਲਈ ਕੰਮ ਕਰਵਾਇਆ ਜਾਵੇਗਾ।

ਨੀਤੂ ਕਪੂਰ ਡੀਐਮਏ ਵੂਮੈਨ ਸੈੱਲ ਦੀ ਸੀਨੀਅਰ ਮੀਤ ਪ੍ਰਧਾਨ, ਵਰਿੰਦਰ ਸ਼ਰਮਾ ਮੀਤ ਪ੍ਰਧਾਨ ਅਤੇ ਯੋਗੇਸ਼ ਕਤਿਆਲ ਜੁਆਇੰਟ ਸਕੱਤਰ ਬਣੇ

ਜਲੰਧਰ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੱਤਰਕਾਰਾਂ ਦੀ ਪ੍ਰਸਿੱਧ ਸੰਸਥਾ ਡਿਜੀਟਲ ਮੀਡੀਆ ਐਸੋਸੀਏਸ਼ਨ (ਰਜਿ.) ਡੀ.ਐਮ.ਏ ਦੀ ਮੀਟਿੰਗ ਪ੍ਰਧਾਨ ਅਮਨ ਬੱਗਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਸੰਸਥਾ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਸੰਧੂ, ਪੈਟਰਨ ਪ੍ਰਦੀਪ ਵਰਮਾ, ਮੁੱਖ ਸਲਾਹਕਾਰ ਜਸਵਿੰਦਰ ਸਿੰਘ ਆਜ਼ਾਦ, ਸੀਨੀਅਰ ਮੀਤ ਪ੍ਰਧਾਨ ਅਮਰਪ੍ਰੀਤ ਸਿੰਘ, ਸੰਯੁਕਤ ਸਕੱਤਰ ਮੋਹਿਤ ਸੇਖੜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।

ਇਸ ਮੌਕੇ ਪ੍ਰਧਾਨ ਅਮਨ ਬੱਗਾ ਨੇ ਪੱਤਰਕਾਰਾਂ ਨੂੰ ਵੱਖ-ਵੱਖ ਅਹੁਦਿਆਂ 'ਤੇ ਨਿਯੁਕਤ ਕੀਤਾ ।ਇਸ ਮੌਕੇ ਪ੍ਰਧਾਨ ਅਮਨ ਬੱਗਾ ਅਤੇ ਚੇਅਰਮੈਨ ਗੁਰਪ੍ਰੀਤ ਸਿੰਘ ਸੰਧੂ ਨੇ ਪੰਜਾਬ ਰਿਫਲਿਕਸ਼ਨ ਅਖਬਾਰ ਅਤੇ ਨਿਊਜ਼ ਪੋਰਟਲ ਦੀ ਸੰਪਾਦਕ ਨੀਤੂ ਕਪੂਰ ਨੂੰ ਡੀ.ਐਮ.ਏ ਵੂਮੈਨ ਸੈੱਲ ਦੀ ਸੀਨੀਅਰ ਮੀਤ ਪ੍ਰਧਾਨ, ਸਤਿਆ ਸਵਰਾ ਅਖਬਾਰ ਅਤੇ ਨਿਊਜ਼ ਪੋਰਟਲ ਦੇ ਸੰਪਾਦਕ ਵਰਿੰਦਰ ਸ਼ਰਮਾ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ। ਐਸੋਸੀਏਸ਼ਨ, ਮੈਟਰੋ ਜਲੰਧਰ ਅਖਬਾਰ ਅਤੇ ਨਿਊਜ਼ ਪੋਰਟਲ ਦੇ ਸੰਪਾਦਕ ਯੋਗੇਸ਼ ਕਤਿਆਲ ਨੂੰ ਸੰਯੁਕਤ ਸਕੱਤਰ ਨਿਯੁਕਤ ਕੀਤਾ ਗਿਆ ਹੈ।

ਇਸ ਮੌਕੇ ਸੁਨੀਲ ਕਪੂਰ ਅਤੇ ਸੰਜੀਵ ਕਪੂਰ ਨੇ ਪੰਜਾਬ ਰਿਫਲਿਕਸ਼ਨ ਅਖਬਾਰ ਦੇ ਦਫਤਰ ਪਹੁੰਚਣ 'ਤੇ ਸਾਰੇ ਪੱਤਰਕਾਰਾਂ ਦਾ ਸਵਾਗਤ ਕੀਤਾ ਅਤੇ ਸਮੂਹ ਪੱਤਰਕਾਰਾਂ ਨੂੰ ਇਕ ਖੂਬਸੂਰਤ ਆਕਰਸ਼ਕ ਡਾਇਰੀ ਵੀ ਤੋਹਫੇ ਵਜੋਂ ਭੇਟ ਕੀਤੀ, ਜਿਸ ਕਾਰਨ ਸਮੂਹ ਪੱਤਰਕਾਰਾਂ ਨੇ ਕਪੂਰ ਦਾ ਧੰਨਵਾਦ ਕੀਤਾ ।ਪਰਿਵਾਰ। ਇਸ ਮੌਕੇ ਪੱਤਰਕਾਰ ਹਰੀਸ਼ ਸ਼ਰਮਾ ਅਤੇ ਅਜੈ ਮਲਹੋਤਰਾ ਵੀ ਮੌਜੂਦ ਸਨ।ਇਸ ਮੌਕੇ ਡੀ.ਐਮ.ਏ ਦੇ ਅਧਿਕਾਰੀਆਂ ਨੇ ਨੀਤੂ ਕਪੂਰ ਨੂੰ ਫੁੱਲਾਂ ਦੇ ਹਾਰ ਭੇਂਟ ਕੀਤੇ, ਵਰਿੰਦਰ ਸ਼ਰਮਾ ਅਤੇ ਯੋਗੇਸ਼ ਕਤਿਆਲ ਨੂੰ ਹਾਰ ਪਾ ਕੇ ਨਿਯੁਕਤੀ ਪੱਤਰ, ਪਛਾਣ ਪੱਤਰ ਅਤੇ ਵਾਹਨਾਂ ਦੇ ਸਟਿੱਕਰ ਭੇਂਟ ਕੀਤੇ।

ਇਸ ਮੌਕੇ ਗੁਰਪ੍ਰੀਤ ਸਿੰਘ ਸੰਧੂ ਅਤੇ ਪ੍ਰਦੀਪ ਵਰਮਾ ਨੇ ਕਿਹਾ ਕਿ ਜੇਕਰ ਕੋਈ ਪੱਤਰਕਾਰ ਡੀਐਮਏ ਦਾ ਮੈਂਬਰ ਬਣਨਾ ਚਾਹੁੰਦਾ ਹੈ ਤਾਂ ਉਹ ਡੀਐਮਏ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਜਲਦੀ ਹੀ ਸ਼ਹਿਰ ਦੇ ਹੋਰਨਾਂ ਇਲਾਕਿਆਂ ਵਿੱਚ ਐਸੋਸੀਏਸ਼ਨ ਦੀਆਂ ਮੀਟਿਗਾਂ ਕਰਕੇ ਹੋਰ ਅਹੁਦੇਦਾਰਾਂ ਦਾ ਐਲਾਨ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਨਿਯੁਕਤੀ ਪੱਤਰ, ਪਛਾਣ ਪੱਤਰ ਅਤੇ ਵਾਹਨਾਂ ਦੇ ਸਟਿੱਕਰ ਵੀ ਭੇਂਟ ਕੀਤੇ ਜਾਣਗੇ।

ਕਰੋੜਾਂ ਰੁਪਏ ਪ੍ਰਾਪਰਟੀ ਟੈਕਸ ਦੇਣ ਦੇ ਬਾਵਜੂਦ ਭਬਾਤ ਦੇ ਗੋਦਾਮ ਖੇਤਰ ਦੀਆਂ ਸੜਕਾਂ ਦੀ ਹਾਲਤ ਖਸਤਾ

ਜ਼ੀਰਕਪੁਰ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜ਼ੀਰਕਪੁਰ ਸ਼ਹਿਰ ਦੇ ਵਿਕਾਸ ਕਾਰਜਾਂ 'ਚ ਪ੍ਰਾਪਰਟੀ ਟੈਕਸ ਦੇ ਰੂਪ 'ਚ ਕਰੋੜਾਂ ਰੁਪਏ ਦਾ ਯੋਗਦਾਨ ਪਾਉਣ ਦੇ ਬਾਵਜੂਦ ਭਬਾਤ ਦੇ ਗੋਦਾਮ ਖੇਤਰ ਵਿਚਲੇ ਗੋਦਾਮਾਂ ਦੇ ਮਾਲਕਾਂ ਨੂੰ ਭਾਰੀ ਮੁਸ਼ਕਿਲਾਂ ਨਾਲ ਜੂਝਣਾ ਪੈ ਰਿਹਾ ਹੈ। ਦੇਸ਼ ਦੇ ਤਕਰੀਬਨ ਹਰ ਹਿੱਸੇ ਵਿਚ ਸਾਮਾਨ ਪੁੱਜਦਾ ਕਰਨ ਵਾਲਾ ਇਹ ਖੇਤਰ ਅੱਜ ਵੀ ਸੜਕਾਂ ਵਰਗੀ ਬੁਨਿਆਦੀ ਸਹੂਲਤਾਂ ਲਈ ਸਰਕਾਰ ਦੀ ਸਵੱਲੀ ਨਜ਼ਰ ਦਾ ਇੰਤਜਾਰ ਕਰ ਰਿਹਾ ਹੈ। ਹਾਸਲ ਜਾਣਕਾਰੀ ਅਨੁਸਾਰ ਗੋਦਾਮ ਖੇਤਰ ਦੀ ਖਸਤਾ ਹਾਲ ਸੜਕ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਲਈ ਜੀਅ ਦਾ ਜੰਜਾਲ ਬਣੀ ਹੋਈ ਹੈ। ਭਬਾਤ ਖੇਤਰ ਦੀਆਂ ਦਰਜਨਾਂ ਕਾਲੋਨੀਆਂ ਨੂੰ ਚੰਡੀਗੜ੍ਹ ਬੈਰੀਅਰ ਨਾਲ ਜੋੜਦੀ ਇਸ ਖੇਤਰ ਦੀ ਲਿੰਕ ਸੜਕ 'ਚ ਕਈ ਥਾਈ ਡੂੰਘੇ ਖੱਡੇ ਪਏ ਹੋਏ ਹਨ ਜਿਨ੍ਹਾਂ ਵਿੱਚ ਬਰਸਾਤ ਦੌਰਾਨ ਪਾਣੀ ਖੜ੍ਹਣ ਕਾਰਨ ਇਹ ਸੜਕ ਨਦੀ ਦਾ ਰੂਪ ਧਾਰ ਲੈਂਦੀ ਹੈ।

ਜਿਥੇ ਬੀਤੇ ਸਮੇਂ ਦੌਰਾਨ ਜ਼ੀਰਕਪੁਰ ਸ਼ਹਿਰ ਦੇ ਹਰ ਖੇਤਰ ਵਿਚ ਪ੍ਰਸ਼ਾਸਨ ਵਲੋਂ ਸੜਕਾਂ ਦੀ ਨੁਹਾਰ ਬਦਲੀ ਗਈ ਹੈ, ਉਥੇ ਹੀ ਇਸ ਖੇਤਰ ਦੀਆਂ ਸੜਕਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗੁਆ। ਗੋਦਾਮ ਖੇਤਰ ਤੋਂ ਚੰਡੀਗੜ੍ਹ ਬੈਰੀਅਰ ਨੂੰ ਜਾਂਦੀ ਇਸ ਸੜਕ 'ਤੇ ਅੱਧਾ ਕਿੱਲੋਮੀਟਰ ਦੇ ਕਰੀਬ ਹਿੱਸੇ ਵਿਚ ਏਨੇ ਡੂੰਘੇ ਟੋਏ ਪਏ ਹੋਏ ਹਨ ਕਿ ਲੋਕਾਂ ਦਾ ਇਥੋਂ ਲੰਘਣਾ ਮੁਹਾਲ ਹੋਇਆ ਪਿਆ ਹੈ।

ਇਨ੍ਹਾਂ ਟੋਇਆਂ ਕਾਰਨ ਜਿਥੇ ਰੋਜ਼ਾਨਾ ਹਾਦਸੇ ਵਾਪਰ ਦਾ ਡਰ ਬਣਿਆ ਰਹਿੰਦਾ ਹੈ, ਉਥੇ ਹੀ ਲੋਕਾਂ ਦੇ ਵਾਹਨਾਂ ਦਾ ਨੁਕਸਾਨ ਵੀ ਹੋ ਰਿਹਾ ਹੈ। ਪਿੰਡ ਭਬਾਤ ਦੇ ਵਸਨੀਕਾਂ ਸਮੇਤ ਜਰਨੈਲ ਇਨਕਲੇਵ, ਗੁਰਦੇਵ ਨਗਰ, ਸ਼ਿਵਾ ਇਨਕਲੇਵ, ਜਰਨੈਲ ਇਨਕਲੇਵ ਫੇਜ਼-2 ਅਤੇ ਸਿਟੀ ਇਨਕਲੇਵ ਦੇ ਵਸਨੀਕਾਂ ਨੇ ਕਿਹਾ ਕਿ ਪ੍ਰਸ਼ਾਸਨ ਵਲੋਂ ਇਸ ਸੜਕ ਨਾਲ ਮਤਰੇਈ ਮਾਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ।

ਸਾਝੀ ਸੱਥ ਵਿੱਚ ਬੈਠ ਕੇ ਵਿਚਾਰੇ ਜਾ ਰਹੇ ਹਨ ਜਨਤਕ ਮਸਲੇ-ਹ

ਦੁੱਧ ਦਹੀਂ ਦੀ ਜ਼ਿਆਦਾ ਵਰਤੋਂ ਖ਼ਤਰਨਾਕ

ਭਾਰ ਘੱਟ ਕਰਨ ਲਈ ਸਮੇਂ-ਸਮੇਂ ਸਿਰ ਡੇਅਰੀ ਪਦਾਰਥਾਂ ਸਬੰਧੀ ਕੀਤੀਆਂ ਗਈਆਂ ਖੋਜਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਡੇਅਰੀ ਪ੍ਰੋਡਕਟਸ ਜਿਵੇਂ ਚੀਜ਼, ਪਨੀਰ ਖਾਣ ਨਾਲ ਜ਼ਿਆਦਾ ਭਾਰ ਵਧਦਾ ਹੈ। ਇਹ ਸਭ ਖਾਣਾ ਬੰਦ ਕਰਨ ਨਾਲ ਭਾਰ ਘਟਾਉਣ 'ਚ ਮਦਦ ਮਿਲਦੀ ਹੈ।

ਊਰਜਾ : ਡੇਅਰੀ ਪ੍ਰੋਡਕਟਸ ਵਿਚ ਟ੍ਰਿਪਟੋਫੇਨ ਹੁੰਦਾ ਹੈ ਜਿਸ ਨਾਲ ਥਕਾਵਟ ਮਹਿਸੂਸ ਹੁੰਦੀ ਹੈ। ਇਹ ਖਾਣਾ ਬੰਦ ਕਰਨ ਨਾਲ ਸਰੀਰ ਦਾ ਐਨਰਜੀ ਲੈਵਲ ਬਣਿਆ ਰਹਿੰਦਾ ਹੈ।

ਹਾਜ਼ਮਾ

ਦੁੱਧ ਵਿਚ ਕੁਦਰਤੀ ਸ਼ੂਗਰ ਅਤੇ ਲੈਕਟੋਸ ਹੁੰਦਾ ਹੈ, ਜੋ ਹਾਜ਼ਮਾ ਪ੍ਰਣਾਲੀ ਨੂੰ ਮੱਠਾ ਕਰਦਾ ਹੈ। ਡੇਅਰੀ ਪਦਾਰਥਾਂ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਹਾਲਤ ਵਿਚ ਇਨ੍ਹਾਂ ਤੋਂ ਪਰਹੇਜ਼ ਕਰਨ ਨਾਲ ਕਬਜ਼, ਗੈਸ ਅਤੇ ਪੇਟ ਦਰਦ ਵਰਗੀਆਂ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ।

ਚਮਕਦਾਰ ਚਮੜੀ : ਡੇਅਰੀ ਪ੍ਰੋਡਕਟਸ ਦੀ ਜ਼ਿਆਦਾ ਵਰਤੋਂ ਨਾਲ ਮੁਹਾਂਸੇ ਤੇ ਐਕਜ਼ਿਮਾ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਦੁੱਧ ਤੋਂ ਐਲਰਜੀ : ਦੁੱਧ ਤੋਂ ਐਲਰਜੀ ਹੋਣ 'ਤੇ ਉਲਟੀਆਂ ਅਤੇ ਪੇਟ ਦੀਆਂ ਕਈ ਬਿਮਾਰੀਆਂ ਹੋ ਸਕਦੀਆਂ ਹਨ। ਅਜਿਹੀ ਹਾਲਤ ਵਿਚ ਡੇਅਰੀ ਪ੍ਰੋਡਕਟਸ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਹੈ।

ਅਸਥਮਾ : ਇਨ੍ਹਾਂ ਡੇਅਰੀ ਪਦਾਰਥਾਂ ਨਾਲ ਕੁਝ ਲੋਕਾਂ ਵਿਚ ਕਫ ਦੀ ਸਮੱਸਿਆ ਹੋ ਜਾਂਦੀ ਹੈ। ਸਾਹ ਦੀ ਤਕਲੀਫ਼ ਹੋਣ 'ਤੇ ਅਸਥਮਾ ਵੀ ਹੋ ਸਕਦਾ ਹੈ। ਸਾਹ ਦੀ ਸਮੱਸਿਆ ਹੋਣ 'ਤੇ ਡੇਅਰੀ ਪਦਾਰਥਾਂ ਤੋਂ ਪਰਹੇਜ਼ ਬਿਹਤਰ ਹੈ।

ਪ੍ਰੋਟੀਨ ਦੀ ਘਾਟ ਨੂੰ ਕਰੋ ਦੂਰ

ਭੱਜ ਦੌੜ ਦੀ ਜ਼ਿੰਦਗੀ 'ਚ ਕਿਸੇ ਦੇ ਕੋਲ ਇਨ੍ਹਾਂ ਜ਼ਿਆਦਾ ਸਮਾਂ ਨਾ ਹੋਣ ਕਰ ਕੇ ਸਿਹਤ ਦਾ ਖ਼ਾਸ ਖ਼ਿਆਲ ਨਹੀਂ ਰੱਖ ਸਕਦੇ। ਸਰੀਰ ਦਾ ਸਹੀ ਢੰਗ ਨਾਲ ਧਿਆਨ ਨਾ ਰੱਖਣ ਨਾਲ ਅਨੇਕਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਹੈਲਥ ਪਰੇਸ਼ਾਨੀਆਂ 'ਚੋਂ ਇਕ ਹੋਰ ਪਰੇਸ਼ਾਨੀ ਜੋ ਆਮ ਤੌਰ 'ਤੇ ਪਾਈ ਗਈ ਹੈ ਕਮਜ਼ੋਰ ਮਾਸ-ਪੇਸ਼ੀਆਂ। ਲਖਨਊ, ਚੇਨਈ, ਅਹਿਮਦਾਬਾਦ ਆਦਿ 'ਤੇ ਰਿਸਰਚ ਕੀਤੀ ਗਈ ਹੈ। ਇਹ ਖੋਜ 30 ਤੋਂ 35 ਸਾਲ ਦੇ 1,243 ਲੋਕਾਂ 'ਤੇ ਕੀਤੀ ਗਈ ਹੈ। ਇਸ ਖੋਜ ਦੇ ਅਨੁਸਾਰ ਲਗਪਗ 71 ਫ਼ੀਸਦੀ ਲੋਕ ਕਮਜ਼ੋਰ ਮਾਸ-ਪੇਸ਼ੀਆਂ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਸ ਸਮੱਸਿਆ ਦੇ ਕਾਰਨ ਹੱਥਾਂ 'ਚ ਦਰਦ, ਥਕਾਵਟ, ਪੈਰਾਂ 'ਚ ਦਰਦ, ਭੁੱਖ ਨਾ ਲਗਣਾ, ਨੀਂਦ ਨਾ ਆਉਣੀ ਆਦਿ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਸ਼ੁਰੂ ਹੋ ਜਾਂਦੀਆਂ ਹਨ। ਪ੍ਰੋਟੀਨ ਸਿਹਤ ਲਈ ਬਹੁਤ ਹੀ ਜ਼ਰੂਰੀ ਤੇ ਲਾਭਕਾਰੀ ਹੈ। ਇਸ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਸਰੀਰ 'ਚ ਪ੍ਰੋਟੀਨ ਦੀ ਘਾਟ ਨਾਲ ਬਹੁਤ ਸਾਰੀਆਂ ਪੇਰਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਲੱਛਣਾਂ ਨੂੰ ਪਛਾਣ ਕੇ ਤੁਸੀਂ ਸਰੀਰ 'ਚ ਹੋ ਰਹੀ ਪ੍ਰੋਟੀਨ ਦੀ ਘਾਟ ਨੂੰ ਜਲਦੀ ਹੀ ਪੂਰਾ ਕਰ ਸਕਦੇ ਹੋ।

ਸਰੀਰ 'ਚ ਮਾਸ-ਪੇਸ਼ੀਆਂ ਤੇ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਆਂਡੇ ਦਾ ਸੇਵਨ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸ ਕਰਕੇ ਬਾਹਰਲੇ ਫਾਸਟ-ਫੂਡ ਬਰਗਰ, ਪੀਜ਼ਾ, ਕੋਲਡ ਡਰਿੰਕਸ ਆਦਿ ਦਾ ਪਰਹੇਜ਼ ਕਰਨਾ ਚਾਹੀਦਾ ਹੈ...

ਆਂਡਾ

ਆਂਡੇ 'ਚ ਵਿਟਾਮਿਨ ਬੀ 1, ਡੀ, ਓਮੈਗਾ-3 ਫੈਟੀ, ਪ੍ਰੋਟੀਨ, ਕੈਲਸ਼ੀਅਮ ਤੇ ਮਿਨਰਲ ਹੁੰਦੇ ਹਨ। ਆਂਡਿਆਂ ਦਾ ਰੋਜ਼ ਸੇਵਨ ਕਰਨ ਨਾਲ ਮਸਲ 'ਚ ਹੋਣ ਵਾਲੀ ਦਰਦ ਤੋਂ ਰਾਹਤ ਪਾਈ ਜਾ ਸਕਦੀ ਹੈ। ਤੁਸੀ ਚਾਹੋ ਤਾਂ ਇਸ ਨੂੰ ਉਬਾਲ ਕੇ ਵੀ ਖਾ ਸਕਦੇ ਹੋ।

ਲੱਛਣ

ਖ਼ੂਨ ਦੀ ਘਾਟ

ਪ੍ਰੋਟੀਨ ਦੀ ਘਾਟ ਹੋਣ 'ਤੇ ਸਰੀਰ 'ਚ ਖ਼ੂਨ ਘੱਟ ਜਾਂਦਾ ਹੈ। ਖ਼ੂਨ 'ਚ ਸਫ਼ੈਦ ਰਤਕ ਕੋਸ਼ਿਕਾਵਾਂ ਦੀ ਸੰਖਿਆ ਘੱਟ ਹੋਣ 'ਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਘੱਟ ਜਾਂਦੀ ਹੈ। ਇਸ ਤਰ੍ਹਾਂ ਦੇ ਲੱਛਣ ਦਿਖਾਈ ਦੇਣ ਤਾਂ ਸਮਝ ਲੈਣਾ ਕੀ ਸਰੀਰ 'ਚ ਪ੍ਰੋਟੀਨ ਦੀ ਘਾਟ ਹੈ।

ਥਕਾਵਟ

ਪ੍ਰੋਟੀਨ ਦੀ ਘਾਟ ਨਾਲ ਸਰੀਰ 'ਚ ਕਮਜ਼ੋਰੀ ਦਿਖਾਈ ਦੇਣ ਲੱਗਦੀ ਹੈ। ਸਹੀ ਮਾਤਰਾ 'ਚ ਪ੍ਰੋਟੀਨ ਨਾ ਲੈਣ ਨਾਲ ਖ਼ੂਨ ਦਾ ਵਹਾਅ ਘੱਟ ਜਾਂਦਾ ਹੈ। ਜਿਸ ਨਾਲ ਸਰੀਰ ਥੱਕਿਆ-ਥੱਕਿਆ ਮਹਿਸੂਸ ਕਰਦਾ ਹੈ।

ਖ਼ੁਸ਼ਕ ਚਮੜੀ

ਖ਼ੁਸ਼ਕ ਸਕਿੱਲ ਲਈ ਪ੍ਰੋਟੀਨ ਬਹੁਤ ਜ਼ਰੂਰੀ ਹੈ। ਇਸ ਦੀ ਘਾਟ ਹੋ ਜਾਣ 'ਤੇ ਸਕਿੱਨ ਖ਼ੁਸ਼ਕ ਜਿਹੀ ਹੋ ਜਾਂਦੀ ਹੈ, ਵਾਲ਼ ਝੜਨ ਲਗਦੇ ਹਨ ਤੇ ਨੂੰਹ ਵੀ ਕਮਜ਼ੋਰ ਹੋ ਜਾਂਦੇ ਹਨ।

ਅਖਰੋਟ

ਅਖਰੋਟ 'ਚ ਵੀ ਪ੍ਰੋਟੀਨ ਦੀ ਭਰਪੂਰ ਮਾਤਾ ਪਾਈ ਜਾਂਦੀ ਹੈ। 100 ਗ੍ਰਾਮ ਅਖਰੋਟ 'ਚ 15 ਗ੍ਰਾਮ ਪ੍ਰੋਟੀਨ ਹੁੰਦਾ ਹੈ। ਇਸ ਨੂੰ ਬਰੇਨ ਫੂਡ ਵੀ ਕਿਹਾ ਜਾਂਦਾ ਹੈ। ਅਖਰੋਟ ਖਾਣ ਨਾਲ ਯਾਦਦਾਸ਼ਤ ਵੀ ਤੇਜ਼ ਹੁੰਦੀ ਹੈ ਪਰ ਧਿਆਨ ਰਹੇ ਅਖਰੋਟਾਂ ਦੀ ਤਾਸੀਰ ਬਹੁਤ ਹੀ ਜ਼ਿਆਦਾ ਗਰਮ ਹੁੰਦੀ ਹੈ ਇਸ ਲਈ ਜ਼ਿਆਦਾ ਮਾਤਰਾ 'ਚ ਇਨ੍ਹਾਂ ਦਾ ਸੇਵਨ ਨਾ ਕਰਨਾ ਚਾਹੀਦਾ।

ਮਾਸ-ਪੇਸ਼ੀਆਂ 'ਚ ਦਰਦ

ਪ੍ਰੋਟੀਨ ਦਾ ਸੇਵਨ ਘੱਟ ਕਰਨ 'ਤੇ ਮਾਸ-ਪੇਸ਼ੀਆਂ 'ਚ ਦਰਦ ਵੀ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਨਾਲ ਸਰੀਰ 'ਚ ਲਚਕੀਲਾਪਨ ਘੱਟ ਹੋਣ ਲਗਦਾ ਹੈ ਤੇ ਜੋੜਾਂ 'ਚ ਅੜਕਣ ਦੀ ਸਮੱਸਿਆ ਆ ਜਾਂਦੀ ਹੈ।

ਨੀਂਦ ਨਾ ਆਉਣੀ ਗੰਭੀਰ ਸਮੱਸਿਆ

ਡਾ. ਫ਼ਕੀਰ ਚੰਦ ਸ਼ੁਕਲਾ

ਤੰਦਰੁਸਤ ਤੇ ਆਰਾਮ ਦੀ ਜ਼ਿੰਦਗੀ ਜਿਊਣ ਲਈ ਸਰੀਰ ਸਬੰਧੀ ਛੋਟੀਆਂ-ਛੋਟੀਆਂ ਪਰੇਸ਼ਾਨੀਆਂ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ...

ਕਿਸੇ ਵੀ ਵਿਅਕਤੀ ਲਈ ਗੁੜ੍ਹੀ ਨੀਂਦ ਦਾ ਆਉਣਾ ਕਿਸੇ ਵਰਦਾਨ ਤੋਂ ਘੱਟ ਨਹੀਂ। ਜੇ ਰਾਤ ਨੂੰ ਕਿਸੇ ਕਾਰਨ ਨੀਂਦ ਟੁੱਟ ਜਾਵੇ ਤੇ ਮੁੜ ਨਾ ਆਵੇ ਜਾਂ ਕਿਸੇ ਕਾਰਨ ਰਾਤੀਂ ਜਾਗਣਾ ਪੈ ਜਾਵੇ ਤਾਂ ਅਗਲੇ ਦਿਨ ਬੰਦੇ 'ਚ ਜਿਵੇਂ ਸਾਹ ਸੱਤ ਹੀ ਨਹੀ ਰਹਿੰਦਾ। ਉਸ ਨੂੰ ਉਬਾਸੀਆਂ ਆਈ ਜਾਣਗੀਆਂ ਅਤੇ ਸਰੀਰ ਟੁੱਟੀ ਭੱਜੀ ਜਾਵੇਗਾ ਅਤੇ ਕੋਈ ਵੀ ਕੰਮ ਕਰਨ ਲਈ ਉਸ ਦਾ ਚਿੱਤ ਨਹੀ ਕਰਦਾ। ਇਸ ਲਈ ਸਰੀਰ ਨੂੰ ਤੰਦਰੁਸਤ ਰੱਖਣ ਲਈ ਗੁੜ੍ਹੀ ਨੀਂਦ ਆਉਣੀ ਬਹੁਤ ਜ਼ਰੂਰੀ ਹੈ।

ਕਿੰਨੀ ਕੁ ਦੇਰ ਸੌਣਾ ਸਿਹਤ ਲਈ ਲਾਭਕਾਰੀ

ਇਥੇ ਮੈਂ ਇਕ ਗੱਲ ਸਪਸ਼ਟ ਕਰ ਦੇਵਾਂ ਕਿ ਗੁੜ੍ਹੀ ਨੀਂਦ ਆਉਣ ਦਾ ਜ਼ਿਆਦਾ ਦੇਰ ਤਕ ਸੁੱਤੇ ਰਹਿਣ ਨਾਲ ਕੋਈ ਸਬੰਧ ਨਹੀ ਹੈ। ਇਹ ਤਾਂ ਬੰਦੇ ਦੇ ਆਪਣੇ ਸੁਭਾ ਅਤੇ ਸਰੀਰਕ ਬਣਤਰ 'ਤੇ ਨਿਰਭਰ ਕਰਦਾ ਹੈ। ਜੇ ਕਿਸੇ ਨੂੰ ਰਾਤੀਂ ਦੇਰ ਨਾਲ ਸੌਣ ਦੇ ਬਾਵਜੂਦ ਵੀ ਅਗਲੇ ਦਿਨ ਬੇਅਰਾਮੀ ਅਤੇ ਉਨੀਂਦਾਪਨ ਮਹਿਸੂਸ ਨਹੀਂ ਹੁੰਦਾ ਤਾਂ ਇਹ ਸਪਸ਼ਟ ਹੈ ਕਿ ਉਸ ਦੀ ਨੀਂਦ ਦੀ ਲੋੜ ਪੂਰੀ ਹੋ ਰਹੀ ਹੈ। ਉਂਜ ਵਿਗਿਆਨੀਆਂ ਦਾ ਮੱਤ ਹੈ ਕਿ ਬੱਚਿਆਂ ਨੂੰ ਨੀਂਦ ਦੀ ਜ਼ਿਆਦਾ ਲੋੜ ਹੁੰਦੀ ਹੈ। ਨਿੱਕੇ ਬੱਚਿਆਂ ਨੂੰ 15-16 ਘੰਟੇ ਜ਼ਰੂਰ ਸੌਣਾ ਚਾਹੀਦਾ ਹੈ। ਵੱਡੇ ਬੱਚਿਆਂ ਨੂੰ 9 ਤੋਂ 10 ਘੰਟੇ ਅਤੇ ਬਾਲਗ ਹੋਣ 'ਤੇ 6 ਤੋਂ 8 ਘੰਟੇ ਨੀਂਦ ਦੀ ਲੋੜ ਹੁੰਦੀ ਹੈ। ਬਜ਼ੁਰਗ ਬੰਦੇ (60 ਸਾਲ ਤੋਂ ਜ਼ਿਆਦਾ ਉਮਰ ਵਾਲੇ) ਘੱਟ ਸੌਂਦੇ ਹਨ ਪਰ ਜੇ ਉਹ ਰਾਤ ਨੂੰ ਜ਼ਿਆਦਾ ਨਹੀਂ ਸੌਂਦੇ ਤਾਂ ਦਿਨ ਵਿਚ ਝਪਕੀ ਲਾ ਕੇ ਆਪਣੀ ਨੀਂਦ ਪੂਰੀ ਕਰ ਲੈਂਦੇ ਹਨ ਪਰ ਫੇਰ ਵੀ ਇਹ ਜ਼ਰੂਰੀ ਨਹੀਂ ਕਿ ਹਰ ਵਿਅਕਤੀ ਨੂੰ ਐਨੇ ਘੰਟੇ ਜ਼ਰੂਰ ਸੌਣਾ ਚਾਹੀਦਾ ਹੈ। ਹਰ ਵਿਅਕਤੀ ਦੇ ਸਰੀਰ ਦਾ ਆਪਣਾ- ਆਪਣਾ ਹਿਸਾਬ ਕਿਤਾਬ ਹੁੰਦਾ ਹੈ। ਕਈ ਵਿਅਕਤੀ 5-6 ਘੰਟੇ ਸੌਂ ਕੇ ਵੀ ਚੁਸਤ-ਦਰੁਸਤ ਰਹਿੰਦੇ ਹਨ ਅਤੇ ਕਈਆਂ ਦੀ 100 ਘੰਟੇ ਸੌਂ ਕੇ ਵੀ ਜਿਵੇਂ ਤਸੱਲੀ ਨਹੀਂ ਹੁੰਦੀ ਪਰ ਇਕ ਗੱਲ ਤਾਂ ਜ਼ਰੂਰ ਹੈ ਕਿ ਭਾਵੇਂ ਕੋਈ ਜਿੰਨੇ ਮਰਜ਼ੀ ਘੰਟੇ ਸੌਂਵੇ,ਉਸ ਨੂੰ ਗੁੜ੍ਹੀ ਨੀਂਦ ਜ਼ਰੂਰ ਆਉਣੀ ਚਾਹੀਦੀ ਹੈ।

ਉਨੀਂਦਰੇ ਦੀਆਂ ਕਿਸਮਾਂ

- ਕਈ ਵਾਰੀ ਬਹੁਤੀ ਖ਼ੁਸ਼ੀ ਕਰ ਕੇ ਜਾਂ ਅਚਾਨਕ ਆਈ ਪਰੇਸ਼ਾਨੀ ਕਰ ਕੇ ਕਿਸੇ ਵੀ ਵਿਅਕਤੀ ਨੂੰ ਠੀਕ ਤਰ੍ਹਾਂ ਨੀਂਦ ਨਹੀ ਆਉਂਦੀ ਪਰ ਇਹ ਅਨੀਂਦਰਾਪਨ ਦੋ-ਤਿੰਨ ਦਿਨਾਂ ਮਗਰੋਂ ਖ਼ੁਦ-ਬ-ਖ਼ੁਦ ਠੀਕ ਹੋ ਜਾਂਦਾ ਹੈ।
- ਦੂਜੀ ਅਵਸ਼ਥਾ ਵਿਚ ਅਨੀਂਦਰਾ ਦਾ ਰੋਗ 10-15 ਦਿਨਾਂ ਤਕ ਵੀ ਰਹਿ ਸਕਦਾ ਹੈ। ਇਹ ਅਵਸਥਾ ਮਾਨਸਿਕ ਪਰੇਸ਼ਾਨੀ ਜਿਵੇਂ ਕਿ ਕਿਸੇ ਨਜ਼ਦੀਕੀ ਰਿਸ਼ਤੇਦਾਰੀ ਦੀ ਮ੍ਰਿਤੂ,ਅਚਾਨਕ ਕਾਰੋਬਾਰ ਵਿਚ ਘਾਟਾ ਪੈ ਜਾਣ ਕਰਕੇ ਵਿਅਕਤੀ ਦੀ ਨੀਂਦਰ ਵਿਚ ਵਿਘਨ ਪੈ ਜਾਂਦਾ ਹੈ ਅਤੇ ਉਹ ਅਨੀਂਦਰੇਪਨ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਬਹੁਤ ਗੰਭੀਰ ਰੋਗ ਹੈ ਅਤੇ ਬੰਦੇ ਨੂੰ ਮੱਲੋ ਧੱਕੀ ਘੁੰਮਣ ਘੇਰੀਆਂ ਵਿਚ ਪਾ ਦੇਂਦਾ ਹੈ।
- ਸਿਹਤ ਤੋਂ ਇਲਾਵਾ ਉਸ ਦੇ ਰੋਜ਼ਾਨਾ ਕੰਮ-ਕਾਜ 'ਤੇ ਵੀ ਮਾੜਾ ਅਸਰ ਪੈਂਦਾ ਹੈ। ਸਾਡੇ ਦੇਸ਼ ਵਿਚ ਲਗਪਗ 15 ਫ਼ੀਸਦੀ ਲੋਕ ਇਸ ਬਿਮਾਰੀ ਦੇ ਸ਼ਿਕਾਰ ਹਨ। ਇਸ ਲਈ ਉਚਿੱਤ ਇਲਾਜ ਜ਼ਰੂਰੀ ਹੋ ਜਾਂਦਾ ਹੈ।

ਕਾਰਨ

ਨੀਂਦ ਨਾ ਆਉਣ ਦੇ ਕਈ ਕਾਰਨ ਹੋ ਸਕਦੇ ਹਨ ਪਰ ਇਨ੍ਹਾਂ 'ਚੋਂ ਕੁਝ ਵਿਸ਼ੇਸ ਕਾਰਨ ਇਸ ਤਰ੍ਹਾਂ ਹਨ।

ਸਭ ਤੋਂ ਪਹਿਲਾ ਕਾਰਨ ਹੈ ਬੰਦੇ ਨੂੰ ਬੇਵਜ੍ਹਾ ਉਦਾਸੀ ਅਤੇ ਪਰੇਸ਼ਾਨੀ। ਉਦਾਸੀ ਕਰ ਕੇ ਤਾਂ ਬੰਦੇ ਦੀ ਨੀਂਦ ਉਂਜ ਹੀ ਉੜ ਜਾਂਦੀ ਹੈ। ਅਨੀਂਦਰੇਪਨ ਦਾ ਰੋਗ ਸਹੇੜਣ ਵਿਚ ਬੰਦੇ ਦਾ ਆਪਣਾ ਸੁਭਾ ਵੀ ਮਹਤੱਵੂਰਨ ਯੋਗਦਾਨ ਪਾਉਂਦਾ ਹੈ। ਕਈ ਵਿਅਕਤੀ ਬਹੁਤ ਸੰਵੇਦਨਸ਼ੀਲ ਭਾਵ ਭਾਵੂਕ ਸੁਭਾਓ ਦੇ ਹੁੰਦੇ ਹਨ ਤੇ ਅਜਿਹੇ ਵਿਅਕਤੀ ਨੂੰ ਕਿਸੇ ਨੇ ਕੁਝ ਮਾੜਾ ਆਖ ਦਿੱਤਾ ਜਾਂ ਉਨ੍ਹਾਂ ਦਾ ਕੋਈ ਕੰਮ ਉਨ੍ਹਾਂ ਦੀ ਉਮੀਦ ਮੁਤਾਬਕ ਨਾ ਹੋਇਆ ਤਾਂ ਉਹ ਬੇਵਜ੍ਹਾ ਸੋਚੀਂ ਜਾਣਗੇ, ਕੁੜ੍ਹੀ ਜਾਣਗੇ ਅਤੇ ਇਸ ਤਰ੍ਹਾਂ ਆਪਣੇ ਲਈ ਤਣਾਅਪੂਰਨ ਸਥਿਤੀ ਬਣਾ ਲੈਣਗੇ। ਇਸ ਤਰ੍ਹਾਂ ਬੇਲੋੜੇ ਤਣਾਅ ਕਰ ਕੇ ਉਹ ਨੀਂਦਰ ਨਾ ਆਉਣ ਦੀ ਬਿਮਾਰੀ ਦੇ ਸ਼ਿਕਾਰ ਹੋ ਜਾਂਦੇ ਹਨ। ਚਾਹ,ਕੌਫੀ,ਚੌਕਲੇਟ,ਕੋਲਡ ਡ੍ਰਿੰਕਸ ਆਦਿ ਵਿਚ ਉਚੇਰੀ ਮਾਤਰਾ ਵਿਚ ਕੈਫੀਨ ਹੁੰਦੀ ਹੈ। ਕੈਫੀਨ ਬਾਰੇ ਤਾਂ ਸਾਰੇ ਜਾਣਦੇ ਹਾਂ ਕਿ ਇਸ ਦੀ ਵਰਤੋਂ ਨਾਲ ਨੀਂਦਰ ਆਉਣੀ ਘੱਟ ਜਾਂਦੀ ਹੈ। ਇਸ ਲਈ ਇਨ੍ਹਾਂ ਪਦਾਰਥਾਂ ਦੀ ਜ਼ਿਆਦਾ ਵਰਤੋਂ ਨਾਲ ਨੀਂਦ ਨਾ ਆਉਣ ਦੀ ਸ਼ਿਕਾਇਤ ਹੋ ਸਕਦੀ ਹੈ।

ਸ਼ਰਾਬ ਪੀਣ ਨਾਲ ਵੀ ਨੀਂਦ ਨਾ ਆਉਣ ਦੀ ਸ਼ਿਕਾਇਤ ਹੋ ਜਾਂਦੀ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਸ਼ਰਾਬ ਪੀਣ ਨਾਲ ਗੁੜ੍ਹੀ ਨੀਂਦ ਆਉਂਦੀ ਹੈ ਪਰ ਉਨ੍ਹਾਂ ਦੀ ਇਹ ਧਾਰਣਾ ਸਹੀ ਨਹੀਂ। ਇਸ ਵਿਚ ਕੋਈ ਸੰਦੇਹ ਨਹੀਂ ਕਿ ਸ਼ਰਾਬ ਪੀਣ ਮਗਰੋਂ ਇਕ ਵਾਰੀ ਤਾਂ ਬੜੀ ਜ਼ੋਰ ਦੀ ਨੀਂਦ ਆਉਂਦੀ ਹੈ ਪਰ ਜਿਵੇਂ ਹੀ ਮਨੁੱਖੀ ਸਰੀਰ ਅਲਕੋਹਲ (ਸ਼ਰਾਬ) ਨੂੰ ਪਚਾ ਲੈਂਦਾ ਹੈ ਤਾਂ ਉਸ ਦੀ ਅੱਖ ਖੁੱਲ੍ਹ ਜਾਂਦੀ ਹੈ ਅਤੇ ਫੇਰ ਛੇਤੀ ਨੀਂਦ ਨ੍ਹਹੀ ਆਉਂਦੀ ਅਤੇ ਬੰਦਾ ਇਧਰ-ਉਧਰ ਪਾਸੇ ਮਾਰਦਾ ਰਹਿ ਜਾਂਦਾ ਹੈ।

ਕਈ ਲੋਕੀ ਇਹ ਸਮਝਦੇ ਹਨ ਕਿ ਰਾਤੀ ਸੌਣ ਤੋਂ ਪਹਿਲਾਂ ਰੱਜ ਕੇ ਰੋਟੀ ਖਾਣ ਨਾਲ ਦੱਬਲ ਕੇ ਨੀਂਦ ਆਉਂਦੀ ਹੈ ਪਰ ਅਸਲ ਵਿਚ ਅਜਿਹਾ ਨਹੀ ਹੁੰਦਾ। ਜ਼ਿਆਦਾ ਮਿਰਚ ਮਸਾਲਿਆਂ ਅਤੇ ਘਿਓ ਵਾਲੀ ਖ਼ੁਰਾਕ ਦੀ ਵਰਤੋਂ ਨਾਲ ਭੋਜਨ ਚੰਗੀ ਤਰ੍ਹਾਂ ਹਜ਼ਮ ਨਹੀ ਹੁੰਦਾ। ਪੇਟ ਵਿਚ ਗੈਸ ਬਨਣ ਨਾਲ ਅਫਰੇਵਾਂ ਹੋ ਜਾਂਦਾ ਹੈ ਤੇ ਇਹੋ ਜਿਹੀ ਸਥਿਤੀ ਵਿਚ ਨੀਂਦ ਕਿਵੇਂ ਆ ਸਕਦੀ ਹੈ। ਇਨ੍ਹਾਂ ਤੋਂ ਇਲਾਵਾ ਬਾਹਰਲੀਆਂ ਚੀਜ਼ਾਂ ਖ਼ਾਸ ਕਰ ਕੇ ਚਾਈਨੀਜ਼ ਪਾਟਿਆਂ ਵਿਚ ਐਮ.ਐਸ.ਜੀ, ਭਾਵ ਮੋਨੋਸੋਡੀਅਮ ਗਲੂਟਾਮੇਟ ਮਿਲਾਇਆ ਹੁੰਦਾ ਹੈ ਜਿਸ ਕਰ ਕੇ ਵੀ ਪੇਟ ਵਿਚ ਗੈਸ ਬਣ ਜਾਂਦੀ ਹੈ ਅਤੇ ਇਸ ਦਾ ਨੀਂਦਰ 'ਤੇ ਮਾੜਾ ਅਸਰ ਪੈਂਦਾ ਹੈ। ਕਈ ਵਾਰੀ ਬੰਦੇ ਨੂੰ ਕਈ ਬਿਮਾਰੀਆਂ ਲੱਗੀਆਂ ਹੁੰਦੀਆਂ ਹਨ। ਇਨ੍ਹਾਂ ਕਰ ਕੇ ਵੀ ਨੀਂਦ ਘੱਟ ਆਉਂਦੀ ਹੈ। ਇਸ ਤੋਂ ਇਲਾਵਾ ਕੁਝ ਰੋਗਾਂ ਦੇ ਇਲਾਜ ਲਈ ਖਾਧੀ ਜਾ ਰਹੀਆਂ ਦਵਾਈਆਂ ਕਰ ਕੇ ਵੀ ਨੀਂਦ ਨਾ ਆਉਣ ਦੀ ਸ਼ਿਕਾਇਤ ਹੋ ਜਾਂਦੀ ਹੈ। ਸਿਗਰਟ ਨੋਸ਼ੀ ਨਾਲ ਵੀ ਨੀਂਦ ਨਾ ਆਉਣ ਦੀ ਸ਼ਿਕਾਇਤ ਹੋ ਸਕਦੀ ਹੈ ਕਿਉਂਕਿ ਤੰਬਾਕੂ ਵਿਚ ਨਿਕੋਟੀਨ ਨਾਂ ਦਾ ਪਦਾਰਥ ਹੁੰਦਾ ਹੈ ਜਿਹੜਾ ਨੀਂਦ ਤੇ ਬੁਰਾ ਪ੍ਰਭਾਵ ਪਾਉਂਦਾ ਹੈ।ਇਸ ਕਰਕੇ ਆਪਣੇ ਖਾਣ-ਪੀਣ 'ਤੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ।

98153 59222

ਉਨੀਂਦਰਾ ਕੀ ਹੈ?

ਨੀਂਦ ਨਾ ਆਉਣੀ ਭਾਵ ਅਨੀਂਦਰਾ ਰਹਿਣ ਦੀ ਬਿਮਾਰੀ ਅੱਜਕੱਲ੍ਹ ਦੇ ਨੱਠ ਭੱਜ ਵਾਲੇ ਮਸ਼ੀਨੀ ਯੁੱਗ ਵਿਚ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਬੰਦਾ ਰਾਤ ਭਰ ਪਾਸੇ ਪਲਟਦਾ ਰਹਿੰਦਾ ਹੈ। ਜੇ ਨੀਂਦ ਆਉਂਦੀ ਵੀ ਹੈ ਤਾਂ ਕੁਝ ਚਿਰ ਮਗਰੋਂ ਅੱਖਾਂ ਖੁੱਲ੍ਹ ਜਾਂਦੀਆਂ ਹਨ ਤੇ ਜਾਂ ਤਾਂ ਮੁੜ ਨੀਂਦ ਆਉਂਦੀ ਹੀ ਨਹੀ ਤੇ ਜੇ ਆਉਂਦੀ ਵੀ ਹੈ ਤਾਂ ਕਾਫ਼ੀ ਦੇਰ ਮਗਰੋਂ ਅਤੇ ਉਹ ਵੀ ਥੋੜ੍ਹੀ ਦੇਰ ਲਈ।

ਹਾਨੀਕਾਰਕ ਹਨ ਨ

ਗੁਲਾਬ ਚੰਦ ਕਟਾਰੀਆ ਨੇ ਪੰਜਾਬ ਦੇ 37ਵੇਂ ਰਾਜਪਾਲ ਵਜੋਂ ਸਹੁੰ ਚੁੱਕੀ

ਚੰਡੀਗੜ੍ਹ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਲਾਬ ਚੰਦ ਕਟਾਰੀਆ ਨੇ ਬੁੱਧਵਾਰ ਨੂੰ ਪੰਜਾਬ ਦੇ 37ਵੇਂ ਰਾਜਪਾਲ ਵਜੋਂ ਸਹੁੰ ਚੁੱਕੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ, ਮਾਨਯੋਗ ਜਸਟਿਸ ਸ਼ੀਲ ਨਾਗੂ ਨੇ ਪੰਜਾਬ ਰਾਜ ਭਵਨ ਵਿਖੇ ਸ੍ਰੀ ਗੁਲਾਬ ਚੰਦ ਕਟਾਰੀਆ ਨੂੰ ਅਹੁਦੇ ਦੀ ਸਹੁੰ ਚੁਕਾਈ।

ਇਸ ਮੌਕੇ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੀ ਹਾਜ਼ਰ ਸਨ।

ਸ੍ਰੀ ਗੁਲਾਬ ਚੰਦ ਕਟਾਰੀਆ ਨੇ ਹਿੰਦੀ ਵਿੱਚ ਸਹੁੰ ਚੁੱਕੀ। ਉਨ੍ਹਾਂ ਨੇ ਹਲਫ਼ ਦਸਤਾਵੇਜ਼ 'ਤੇ ਦਸਤਖ਼ਤ ਕੀਤੇ, ਜਿਸ 'ਤੇ ਚੀਫ ਜਸਟਿਸ ਦੇ ਵੀ ਹਸਤਾਖਰ ਸਨ। ਬਾਅਦ ਵਿੱਚ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ਦੇ ਪ੍ਰਸ਼ਾਸਕ ਦੇ ਤੌਰ 'ਤੇ ਚਾਰਜ ਲੈਣ ਲਈ ਵੱਖ-ਵੱਖ ਚਾਰਜ ਰਿਪੋਰਟਾਂ 'ਤੇ ਦਸਤਖ਼ਤ ਕੀਤੇ।

ਇਸ ਤੋਂ ਪਹਿਲਾਂ ਰਾਜਪਾਲ, ਪੰਜਾਬ ਰਾਜ ਭਵਨ ਦੇ ਗੁਰੂ ਨਾਨਕ ਦੇਵ ਆਡੀਟੋਰੀਅਮ ਵਿਖੇ ਰਵਾਇਤੀ ਰਸਮਾਂ ਦੌਰਾਨ ਹਲਫ਼ ਸਮਾਗਮ ਵਿੱਚ ਪਹੁੰਚੇ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਵੀ ਉਨ੍ਹਾਂ ਨਾਲ ਸਨ।

ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸਮਾਗਮ ਸ਼ੁਰੂ ਕਰਨ ਦੀ ਇਜਾਜ਼ਤ ਮੰਗੀ ਅਤੇ ਗੁਲਾਬ ਚੰਦ ਕਟਾਰੀਆ ਦੀ ਪੰਜਾਬ ਦੇ ਰਾਜਪਾਲ ਵਜੋਂ ਨਿਯੁਕਤੀ ਦੇ ਵਾਰੰਟ ਪੜ੍ਹ ਕੇ ਸੁਣਾਏ।

ਮੋਦੀ ਸਰਕਾਰ ਨੇ ਚੋਣਾਂ ਦੇ ਝਟਕੇ ਤੋਂ ਸਬਕ ਨਹੀਂ ਲਿਆ, ਮਾਹੌਲ ਕਾਂਗਰਸ ਦੇ ਪੱਖ 'ਚ: ਸੋਨੀਆ ਗਾਂਧੀ

ਜਨਗਣਨਾ ਕਰਵਾਉਣ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ

ਨਵੀਂ ਦਿੱਲੀ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਬੁੱਧਵਾਰ ਨੂੰ ਭਾਰਤੀ ਜਨਤਾ ਪਾਰਟੀ ਅਤੇ ਆਰਐੱਸਐੱਸ ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਲੋਕ ਸਭਾ ਚੋਣਾਂ ਦੌਰਾਨ ਲੱਗੇ ਝਟਕੇ ਤੋਂ ਸਬਕ ਲੈਣ ਦੀ ਥਾਂ ਅੱਜ ਵੀ ਵੰਡ ਅਤੇ ਡਰ ਫੈਲਾਉਣ ਦੀ ਨੀਤੀ ਤੇ ਕਾਇਮ ਹੈ। ਉਨ੍ਹਾਂ ਕਾਂਗਰਸ ਸੰਸਦੀ ਦਲ ਦੀ ਬੈਠਕ ਵਿਚ ਕਿਹਾ ਕਿ ਲੋਕ ਸਭਾ ਚੋਣਾਂ ਦੇ ਨਤੀਜੇ ਤੋਂ ਬਾਅਦ ਮਾਹੌਲ ਕਾਂਗਰਸ ਪਾਰਟੀ ਦੇ ਪੱਖ ਵਿਚ ਹੈ ਪਰ ਅਸੀਂ ਲੋੜ ਤੋਂ ਵੱਧ ਆਮਤਮ ਵਿਸ਼ਵਾਸੀ ਨਾ ਹੋ ਕੇ ਇੱਕਜੁਟ ਹੁੰਦਿਆਂ ਕੰਮ ਕਰਨਾ ਹੈ। ਸੋਨੀਆ ਗਾਂਧੀ ਨੇ ਦਾਅਵਾ ਕੀਤਾ ਕਿ ਨੌਕਰਸ਼ਾਹੀ ਨੂੰ ਆਰਐੱਸਐੱਸ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਣ ਦੀ ਇਜਾਜ਼ਤ ਦੇਣ ਲਈ ਨਿਯਮਾਂ ਨੂੰ ਅਚਾਨਕ ਬਦਲ ਦਿੱਤਾ ਗਿਆ, ਇਹ ਸੰਗਠਨ ਖ਼ੁਦ ਨੂੰ ਸੰਸਕ੍ਰਿਤਕ ਸੰਗਠਨ ਕਹਾਉਂਦਾ ਹੈ ਪਰ ਪੂਰੀ ਦੁਨੀਆ ਜਾਣਦੀ ਹੈ ਕਿ ਇਹ ਭਾਜਪਾ ਦਾ ਰਾਜਨੀਤਿਕ ਅਤੇ ਵਿਚਾਰਕ ਆਧਾਰ ਹੈ। ਇਸ ਮੌਕੇ ਸੋਨੀਆ ਗਾਂਧੀ ਨੇ ਮਹਾਂਰਾਸ਼ਟਰ,

ਹਰਿਆਣਾ ਅਤੇ ਝਾਰਖੰਡ ਵਿਚ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਪਾਰਟੀ ਦੇ ਆਗੂਆਂ ਵਿਚ ਜੋਸ਼ ਭਰਨ ਦੀ ਕੋਸ਼ਿਸ਼ ਕੀਤੀ। ਮੀਟਿੰਗ ਦੌਰਾਨ ਕੇਰਲ ਦੇ ਵਾਇਨਾਡ ਵਿਚ ਢਿੱਗਾਂ ਖਿਸਕਣ ਕਾਰਨ ਮਾਰੇ ਗਏ ਲੋਕਾਂ ਦਿੱਲੀ ਦੇ ਕੋਚਿੰਗ ਸੈਂਟਰ ਵਿਚ ਪਾਣੀ ਭਰਨ ਕਾਰਨ ਮਾਰੇ ਗਏ ਵਿਦਿਆਰਥੀਆਂ ਲਈ ਕੁੱਝ ਮਿੰਟ ਦਾ ਮੌਨ ਵੀ ਰੱਖਿਆ ਗਿਆ। ਸੋਨੀਆ ਗਾਂਧੀ ਨੇ ਕੇਂਦਰੀ ਬਜਟ, ਮਨੀਪੁਰ ਹਿੰਸਾ ਅਤੇ ਜੰਮੂ-ਕਸ਼ਮੀਰ 'ਚ ਅੱਤਵਾਦੀ ਹਮਲਿਆਂ ਸਮੇਤ ਵੱਖ-ਵੱਖ ਮੁੱਦਿਆਂ 'ਤੇ ਕੇਂਦਰ 'ਤੇ ਨਿਸ਼ਾਨਾ ਸਾਧਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸਰਕਾਰ ਦਾ ਜਨਗਨਣਾ ਕਰਵਾਉਣ ਦਾ ਕੋਈ ਇਰਾਦਾ ਨਹੀਂ ਹੈ, ਜਨਗਣਨਾ 2021 ਵਿੱਚ ਹੋਣੀ ਸੀ। ਇਹ ਨਾ ਹੋਣ ਕਾਰਨ ਦੇਸ਼ ਦੀ ਆਬਾਦੀ, ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦਾ ਤਾਜ਼ਾ ਅਨੁਮਾਨ ਨਹੀਂ ਲਾਇਆ ਜਾ ਸਕੇਗਾ। ਕੇਂਦਰੀ ਬਜਟ 'ਤੇ ਕੇਂਦਰ ਬਾਰੇ ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਨੌਜਵਾਨਾਂ ਦੀਆਂ ਮੰਗਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ।

ਗਡਕਰੀ ਵੱਲੋਂ ਜੀਵਨ ਤੇ ਮੈਡੀਕਲ ਬੀਮਾ ਪ੍ਰੀਮੀਅਮ 'ਤੇ 18 ਫੀਸਦੀ ਜੀਐੱਸਟੀ ਹਟਾਉਣ ਦੀ ਅਪੀਲ

ਨਵੀਂ ਦਿੱਲੀ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਸੜਕ ਆਵਾਜਾਈ ਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਜੀਵਨ ਤੇ ਮੈਡੀਕਲ ਬੀਮਾ ਪ੍ਰੀਮੀਅਮਾਂ 'ਤੇ 18 ਫੀਸਦੀ ਦੀ ਦਰ ਨਾਲ ਜੀਐੱਸਟੀ ਹਟਾਉਣ ਦੀ ਅਪੀਲ ਕੀਤੀ ਹੈ।



ਵਿੱਤ ਮੰਤਰੀ ਨੂੰ ਲਿਖੇ ਪੱਤਰ ਵਿੱਚ ਗਡਕਰੀ ਨੇ ਨਾਗਪੁਰ ਡਿਵੀਜ਼ਨਲ ਲਾਈਫ ਇੰਸ਼ੋਰੈਂਸ ਕਾਰਪੋਰੇਸ਼ਨ ਐਂਪਲਾਈਜ਼ ਯੂਨੀਅਨ ਦੀਆਂ ਚਿੰਤਾਵਾਂ ਨੂੰ ਚੁੱਕਿਆ, ਜਿਸ ਨੇ ਬੀਮਾ ਉਦਯੋਗ ਦੇ ਮੁੱਦਿਆਂ ਸਬੰਧੀ ਉਨ੍ਹਾਂ ਨੂੰ ਮੰਗ-ਪੱਤਰ ਦਿੱਤਾ ਸੀ। ਇਸ ਮੰਗ ਪੱਤਰ ਦਾ ਹਵਾਲਾ ਦਿੰਦਿਆਂ ਗਡਕਰੀ ਨੇ ਕਿਹਾ, "ਜੀਵਨ ਬੀਮਾ ਪ੍ਰੀਮੀਅਮ 'ਤੇ ਜੀਐੱਸਟੀ ਲਗਾਉਣਾ ਜੀਵਨ ਦੀਆਂ ਬੇਯਕੀਨੀਆਂ 'ਤੇ ਟੈਕਸ ਲਗਾਉਣ ਦੇ ਬਰਾਬਰ ਹੈ।

ਕਰਮਚਾਰੀ ਯੂਨੀਅਨ ਦਾ ਮੰਨਣਾ ਹੈ ਕਿ ਵਿਅਕਤੀ ਆਪਣੇ ਪਰਿਵਾਰ ਨੂੰ ਸੁਰੱਖਿਆ ਦੇਣ ਲਈ ਆਪਣਾ ਬੀਮਾ ਕਰਵਾਉਂਦਾ ਹੈ।

ਇਸ ਲਈ ਬੀਮਾ ਪ੍ਰੀਮੀਅਮ 'ਤੇ ਟੈਕਸ ਨਹੀਂ ਲਗਾਇਆ ਜਾਣਾ ਚਾਹੀਦਾ ਹੈ।"

ਈਡੀ ਵੱਲੋਂ ਹਿਮਾਚਲ 'ਚ ਕਾਂਗਰਸੀ ਵਿਧਾਇਕ ਦੇ ਟਿਕਾਣਿਆਂ 'ਤੇ ਛਾਪੇ

ਸ਼ਿਮਲਾ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਆਯੁਸ਼ਮਾਨ ਭਾਰਤ ਯੋਜਨਾ ਵਿੱਚ ਕਥਿਤ ਧੋਖਾਧੜੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਤਹਿਤ ਅੱਜ ਹਿਮਾਚਲ ਪ੍ਰਦੇਸ਼ ਵਿੱਚ ਕਾਂਗਰਸ ਵਿਧਾਇਕ ਆਰਐੱਸ ਬਾਲੀ ਅਤੇ ਕੁਝ ਨਿੱਜੀ ਹਸਪਤਾਲਾਂ ਅਤੇ ਉਨ੍ਹਾਂ ਦੇ ਪ੍ਰੋਮੋਟਰਾਂ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਈਡੀ ਦੀਆਂ ਟੀਮਾਂ ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ, ਕਾਂਗੜਾ, ਊਨਾ, ਮੰਡੀ ਅਤੇ ਕੁੱਲੂ ਸਮੇਤ 19 ਥਾਵਾਂ ਤੋਂ ਇਲਾਵਾ ਦਿੱਲੀ ਤੇ ਚੰਡੀਗੜ੍ਹ ਵਿੱਚ ਬਾਲੀ ਅਤੇ ਕੁਝ ਨਿੱਜੀ ਹਸਪਤਾਲਾਂ ਤੇ ਉਨ੍ਹਾਂ ਦੇ ਪ੍ਰੋਮੋਟਰਾਂ ਦੇ ਟਿਕਾਣਿਆਂ 'ਤੇ ਸਵੇਰੇ ਤੋਂ ਤਲਾਸ਼ੀ ਲੈ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਕਾਂਗੜਾ ਦੇ ਬਾਲੀ ਤੇ ਫੋਰਟਿਸ ਹਸਪਤਾਲ (ਜਿਸ ਦੀ ਪ੍ਰੋਮੋਟਰ ਬਾਲੀ ਦੀ ਕੰਪਨੀ ਹਿਮਾਚਲ ਹੈਲਥਕੇਅਰ ਪ੍ਰਾਈਵੇਟ ਲਿਮਟਿਡ ਹੈ) ਤੋਂ ਇਲਾਵਾ ਬਾਲਾਜੀ ਹਸਪਤਾਲ ਅਤੇ ਇਸ ਦੇ ਪ੍ਰੋਮੋਟਰ ਰਾਜੇਸ਼ ਸ਼ਰਮਾ ਦੇ ਟਿਕਾਣਿਆਂ 'ਤੇ ਵੀ ਛਾਪੇ ਮਾਰੇ ਗਏ ਹਨ। ਅਧਿਕਾਰੀਆਂ ਮੁਤਾਬਕ ਰਾਜੇਸ਼ ਸ਼ਰਮਾ ਨੂੰ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦਾ 'ਕਰੀਬੀ' ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਹਾਲ ਹੀ ਵਿੱਚ ਹੋਈ ਡੇਹਰਾ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਸੁੱਖੂ ਦੀ ਪਤਨੀ ਕਮਲੇਸ਼ ਠਾਕੁਰ ਲਈ ਆਪਣੀ ਟਿਕਟ ਛੱਡ ਦਿੱਤੀ ਸੀ।

ਵਾਇਨਾਡ ਵਿਚ ਢਿੱਗਾਂ ਖਿਸਕਣ ਕਾਰਨ ਮਰਨ ਵਾਲਿਆਂ ਦੀ ਗਿਣਤੀ 144 ਹੋਈ, 191 ਹਾਲੇ ਵੀ ਲਾਪਤਾ

ਕੇਰਲਾ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਉੱਤਰੀ ਕੇਰਲਾ ਦੇ ਵਾਇਨਾਡ ਵਿਚ ਢਿੱਗਾਂ ਖਿਸਕਣ ਕਰ ਕੇ ਮਰਨ ਵਾਲਿਆਂ ਦੀ ਗਿਣਤੀ ਵਧ ਕੇ 144 ਹੋ ਗਈ ਹੈ ਜਦਕਿ 191 ਲੋਕ ਹਾਲੇ ਵੀ ਲਾਪਤਾ ਹਨ। ਕੇਰਲਾ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਕਿਹਾ ਕਿ ਵਾਇਨਾਡ ਦੇ ਢਿੱਗਾਂ ਖਿਸਕਣ ਪ੍ਰਭਾਵਿਤ ਵੱਖ-ਵੱਖ ਖੇਤਰਾਂ ਵਿੱਚ 5500 ਤੋਂ ਵੱਧ ਲੋਕਾਂ ਨੂੰ ਬਚਾਇਆ ਗਿਆ ਹੈ, ਜਦੋਂਕਿ ਅੱਠ ਹਜ਼ਾਰ ਤੋਂ ਵੱਧ ਲੋਕਾਂ ਨੂੰ 82 ਰਾਹਤ ਕੈਂਪਾਂ ਵਿੱਚ ਭੇਜਿਆ ਗਿਆ ਹੈ। ਅਧਿਕਾਰਤ ਸੂਤਰਾਂ ਨੇ ਕਿਹਾ ਕਿ ਬਚਾਅ ਕਰਮਚਾਰੀਆਂ ਵੱਲੋਂ ਮਲਬਾ ਹਟਾਉਣ ਲਈ ਜਾਰੀ ਰਾਹਤ ਕਾਰਜਾਂ ਦੇ ਚਲਦਿਆਂ ਮਰਨ ਵਾਲਿਆਂ ਗਿਣਤੀ ਵਿਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਮੁੰਡਕਾਈ ਅਤੇ ਚੂਰਲਮਾਲਾ ਖੇਤਰਾਂ 'ਚ ਢਿੱਗਾਂ ਖਿਸਕਣ ਕਾਰਨ 300 ਤੋਂ ਵੱਧ ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ। ਪ੍ਰਭਾਵਿਤ ਜਗ੍ਹਾ 'ਤੇ ਆਰਮੀ, ਨੇਵੀ ਅਤੇ ਐਨਡੀਆਰਐਫ ਦੀਆਂ ਬਚਾਅ ਟੀਮਾਂ ਮਲਬੇ ਨੂੰ ਹਟਾਉਂਦਿਆਂ ਮਿੱਟੀ ਹੇਠ ਦਬੇ ਘਰਾਂ ਦੀਆਂ ਇਮਾਰਤਾਂ ਨੂੰ ਤੋੜ ਕੇ ਲਾਪਤਾ ਲੋਕਾਂ ਦੀ ਭਾਲ ਕਰ ਰਹੀਆਂ ਹਨ।

ਕੋਚਿੰਗ ਸੈਂਟਰਾਂ ਨੂੰ ਨਿਯਮਿਤ ਕਰਨ ਲਈ ਕਾਨੂੰਨ ਲਿਆਏਗੀ ਦਿੱਲੀ ਸਰਕਾਰ : ਆਤਿਸ਼ੀ

ਨਵੀਂ ਦਿੱਲੀ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਸਰਕਾਰ ਸ਼ਹਿਰ 'ਚ ਚੱਲ ਰਹੇ ਕੋਚਿੰਗ ਸੈਂਟਰਾਂ ਨੂੰ ਨਿਯਮਿਤ ਕਰਨ ਲਈ ਕਾਨੂੰਨ ਲਿਆਵੇਗੀ। ਕੈਬਨਿਟ ਮੰਤਰੀ ਆਤਿਸ਼ੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪਿਛਲੇ ਹਫ਼ਤੇ ਰਾਸ਼ਟਰੀ ਰਾਜਧਾਨੀ ਦੇ ਪੁਰਾਣੇ ਰਾਜੇਂਦਰ ਨਗਰ ਇਲਾਕੇ 'ਚ ਇਕ ਕੋਚਿੰਗ ਸੈਂਟਰ ਦੀ ਇਮਾਰਤ ਦੇ ਬੇਸਮੈਂਟ 'ਚ ਮੀਂਹ ਦਾ ਪਾਣੀ ਭਰਨ ਕਾਰਨ ਸਿਵਲ ਸੇਵਾ ਦੇ ਤਿੰਨ ਵਿਦਿਆਰਥੀਆਂ ਦੀ ਮੌਤ ਹੋ ਗਈ ਸੀ। ਆਤਿਸ਼ੀ ਨੇ ਇਕ ਪ੍ਰੈਸ ਕਾਨਫਰੰਸ 'ਚ ਕਿਹਾ ਕਿ ਕਾਨੂੰਨ ਬਣਾਉਣ ਲਈ ਸਰਕਾਰ ਇਕ ਕਮੇਟੀ ਬਣਾਏਗੀ, ਜਿਸ 'ਚ ਸਰਕਾਰੀ ਅਧਿਕਾਰੀ ਅਤੇ ਵੱਖ-ਵੱਖ ਕੋਚਿੰਗ ਸੈਂਟਰਾਂ ਦੇ ਵਿਦਿਆਰਥੀ ਸ਼ਾਮਲ ਹੋਣਗੇ। ਉਨ੍ਹਾਂ ਕਿਹਾ,"ਕਾਨੂੰਨ 'ਚ ਬੁਨਿਆਦੀ ਢਾਂਚੇ, ਅਧਿਆਪਕਾਂ ਦੀ ਯੋਗਤਾ, ਫੀਸ ਨਿਯਮ ਅਤੇ ਗੁੰਮਰਾਹਕੁੰਨ ਇਸ਼ਤਿਹਾਰਾਂ ਦੇ ਪ੍ਰਸਾਰ ਨੂੰ ਰੋਕਣ ਦੇ ਸੰਬੰਧ 'ਚ ਪ੍ਰਬੰਧ ਹੋਣਗੇ। ਲੋਕਾਂ ਦੀ ਫੀਡਬੈਕ ਵੀ ਮੰਗੀ ਜਾਵੇਗੀ।" ਆਤਿਸ਼ੀ ਨੇ ਕਿਹਾ ਕਿ ਦਿੱਲੀ ਨਗਰ ਨਿਗਮ (ਐਮਸੀਡੀ) ਨੇ ਕਾਨੂੰਨਾਂ ਦੀ ਉਲੰਘਣਾ ਕਰਦੇ ਹੋਏ 'ਬੇਸਮੈਂਟ' ਦੀ ਵਰਤੋਂ ਕਰਨ ਵਾਲੇ ਕੋਚਿੰਗ ਸੈਂਟਰਾਂ ਵਿਰੁੱਧ ਕਾਰਵਾਈ ਕੀਤੀ ਹੈ।

ਉਨ੍ਹਾਂ ਕਿਹਾ,"ਰਾਜੇਂਦਰ ਨਗਰ, ਮੁਖਰਜੀ ਨਗਰ, ਲਕਸ਼ਮੀ ਨਗਰ ਅਤੇ ਪ੍ਰੀਤ ਵਿਹਾਰ 'ਚ 30 ਕੋਚਿੰਗ ਸੈਂਟਰਾਂ ਦੇ ਬੇਸਮੈਂਟ ਸੀਲ ਕਰ ਦਿੱਤੇ ਗਏ ਹਨ, ਜਦੋਂ ਕਿ 200 ਹੋਰ ਕੋਚਿੰਗ ਸੈਂਟਰ ਨੂੰ ਨੋਟਿਸ ਜਾਰੀ ਕੀਤੇ ਗਏ ਹਨ।" ਆਤਿਸ਼ੀ ਨੇ ਕਿਹਾ ਕਿ ਓਲਡ ਰਾਜੇਂਦਰ ਨਗਰ 'ਚ ਹੋਈ ਘਟਨਾ ਦੀ ਮੈਜਿਸਟ੍ਰੇਟ ਜਾਂਚ ਦੀ ਰਿਪੋਰਟ ਅਗਲੇ 6 ਦਿਨਾਂ 'ਚ ਆਏਗੀ। ਉਨ੍ਹਾਂ ਕਿਹਾ,"ਜੇਕਰ ਇਸ ਘਟਨਾ 'ਚ ਕਿਸੇ ਵੀ ਅਧਿਕਾਰੀ ਨੂੰ ਦੋਸ਼ੀ ਪਾਇਆ ਗਿਆ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਮਾਰਤ ਦੇ ਗੈਰ-ਕਾਨੂੰਨੀ ਇਸਤੇਮਾਲ ਕਾਰਨ ਓਲਡ ਰਾਜੇਂਦਰ ਨਗਰ ਦੀ ਘਟਨਾ ਹੋਈ।"

ਅਸ਼ੀਰਵਾਦ ਸਕੀਮ ਤਹਿਤ 2748 ਲਾਭਪਾਤਰੀਆਂ ਨੂੰ 14.01 ਕਰੋੜ ਰੁਪਏ ਜਾਰੀ: ਡਾ. ਬਲਜੀਤ ਕੌਰ

ਚੰਡੀਗੜ੍ਹ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ, ਉਥੇ ਹੀ ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਲੋਕਾਂ ਦੀ ਭਲਾਈ ਲਈ ਲਗਾਤਾਰ ਕਾਰਜਸ਼ੀਲ ਹੈ। ਅਸ਼ੀਰਵਾਦ ਫਾਰ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਸਕੀਮ ਤਹਿਤ, ਸਾਲ 2023-24 ਦੌਰਾਨ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਅਸ਼ੀਰਵਾਦ ਪੋਰਟਲ ਤੇ ਪ੍ਰਾਪਤ ਕੁੱਲ 2748 ਲਾਭਪਾਤਰੀਆਂ ਨੂੰ 14.01 ਕਰੋੜ ਰੁਪਏ ਦੀ ਰਾਸ਼ੀ ਸਾਲ 2024-25 ਦੇ ਬਜਟ ਉਪਬੰਧ ਵਿੱਚੋਂ ਜਾਰੀ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਜਿਲ੍ਹਾ ਅੰਮ੍ਰਿਤਸਰ, ਫਤਹਿਗੜ੍ਹ ਸਾਹਿਬ, ਫਾਜਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਲੁਧਿਆਣਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਪਠਾਨਕੋਟ, ਸੰਗਰੂਰ ਅਤੇ

ਮਾਲੇਰਕੋਟਲਾ ਦੇ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜੋਰ ਵਰਗਾ ਨੂੰ 14.01 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਇਸ ਰਾਸ਼ੀ ਵਿੱਚ ਸਾਲ 2023-24 ਦੌਰਾਨ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਅਸ਼ੀਰਵਾਦ ਪੋਰਟਲ ਤੇ ਪ੍ਰਾਪਤ ਕੁੱਲ 2748 ਲਾਭਪਾਤਰੀਆਂ ਨੂੰ ਕਵਰ ਕੀਤਾ ਗਿਆ ਹੈ।

ਉਹਨਾਂ ਦੱਸਿਆ ਕਿ ਇਸ ਸਕੀਮ ਤਹਿਤ ਜਿਲ੍ਹਾ ਅੰਮ੍ਰਿਤਸਰ ਦੇ 224 ਲਾਭਪਾਤਰੀ, ਫਤਿਹਗੜ੍ਹ ਸਾਹਿਬ ਦੇ 38 ਲਾਭਪਾਤਰੀ, ਫਾਜ਼ਿਲਕਾ ਦੇ 111 ਲਾਭਪਾਤਰੀ, ਗੁਰਦਾਸਪੁਰ ਦੇ 182 ਲਾਭਪਾਤਰੀ, ਹੁਸ਼ਿਆਰਪੁਰ ਦੇ 181 ਲਾਭਪਾਤਰੀ, ਕਪੂਰਥਲਾ ਦੇ 24 ਲਾਭਪਾਤਰੀ, ਲੁਧਿਆਣਾ ਦੇ 760 ਲਾਭਪਾਤਰੀ, ਮੋਗਾ ਦੇ 18 ਲਾਭਪਾਤਰੀ, ਸ੍ਰੀ ਮੁਕਤਸਰ ਸਾਹਿਬ ਦੇ 33 ਲਾਭਪਾਤਰੀ, ਪਟਿਆਲਾ ਦੇ 883 ਲਾਭਪਾਤਰੀ, ਪਠਾਨਕੋ

ਇੰਪਲਾਈਜ ਵੈਲਫੇਅਰ ਜੁਆਇੰਟ ਐਕਸ਼ਨ ਕਮੇਟੀ ਦੇ ਆਗੂਆਂ ਦੀ ਮੀਟਿੰਗ ਡਾਇਰੈਕਟਰ ਖੌਜ ਅਤੇ ਮੈਡੀਕਲ ਸਿੱਖਿਆ ਵਿਭਾਗ ਨਾਲ ਹੋਈ

ਪਟਿਆਲਾ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਇੰਪਲਾਈਜ ਵੈਲਫੇਅਰ ਜੁਆਇੰਟ ਐਕਸ਼ਨ ਕਮੇਟੀ ਦੇ ਆਗੂਆਂ ਹੰਗਾਮੀ ਮੀਟਿੰਗ ਡਾਇਰੈਕਟਰ ਖੌਜ ਅਤੇ ਮੈਡੀਕਲ ਸਿੱਖਿਆ ਵਿਭਾਗ ਨਾਲ ਮੀਟਿੰਗ ਕੀਤੀ ਜਿਸ ਵਿਚ ਡਾਕਟਰ ਅਵਨੀਸ਼ ਕੁਮਾਰ ਡਾਇਰੈਕਟਰ, ਡਾਕਟਰ ਆਕਾਸ਼ਦੀਪ ਅਗਰਵਾਲ ਜੁਆਇੰਟ ਡਾਇਰੈਕਟਰ, ਪ੍ਰਦੀਪ ਕੁਮਾਰ ਸੁਪਰਡੈਂਟ, ਬਾਬੂ ਮਹਾਂਦੇਵ ਅਤੇ ਕਰਮਚਾਰੀ ਆਗੂ ਪ੍ਰਧਾਨ ਸਵਰਨ ਸਿੰਘ ਬੰਗਾ, ਰਾਕੇਸ਼ ਕੁਮਾਰ ਕਲਿਆਣ ਜਨਰਲ ਸਕੱਤਰ, ਕੰਵਲਜੀਤ ਸਿੰਘ ਚੁੰਨੀ ਆਯੂਰਵੇਦ ਕਾਲਜ, ਜੁਝਾਰ ਸਿੰਘ ਨਰਸਿੰਗ ਆਗੂ, ਰਾਜੇਸ਼ ਕੁਮਾਰ ਗੋਲੂ ਪ੍ਰਧਾਨ ਦਰਜਾ ਚਾਰ, ਆਦਿ ਸ਼ਾਮਲ ਸਨ, ਇਸ ਮੀਟਿੰਗ ਵਿੱਚ ਕਰਮਚਾਰੀਆਂ ਦੀਆਂ ਮੰਗਾਂ ਅਤੇ ਮੁੱਖ ਤੌਰ ਤੇ ਵਿਭਾਗੀ ਡ੍ਰਾਫਟ ਸੇਵਾ ਨਿਯਮਾਂ ਬਾਰੇ ਵਿਸਤਾਰਤ ਮੀਟਿੰਗ ਹੋਈ, ਦੋ ਘੰਟੇ ਤੱਕ ਚੱਲੀ ਇਸ ਮੀਟਿੰਗ ਵਿੱਚ ਪੁਨਰਗਠਨ ਦੌਰਾਨ ਖ਼ਤਮ ਕੀਤੀਆਂ ਦਰਜਾ ਦੀਆਂ 1778 ਆਸਾਮੀਆਂ ਬਹਾਲ ਕੀਤੀਆਂ ਗਈਆਂ, ਨਵੀਆਂ ਆਸਾਮੀਆਂ ਦੀ ਰਚਨਾ ਬਾਰੇ ਅਧਿਕਾਰੀਆਂ ਨੇ ਆਸਾਮੀਆਂ, ਯੋਗਤਾਵਾਂ ਅਤੇ ਸਕੇਲਾਂ ਬਾਰੇ ਜਾਣਕਾਰੀ ਮੰਗੀ ਜ਼ੋ ਜੱਥੇਬੰਦੀ ਵੱਲੋਂ ਇੱਕ ਹਫ਼ਤੇ ਅੰਦਰ ਭੇਜ ਦਿੱਤੀ ਜਾਵੇਗੀ,

ਆਯੁਰਵੈਦਿਕ ਕਾਲਜ, ਆਯੁਰਵੈਦਿਕ ਹਸਪਤਾਲ ਅਤੇ ਆਯੁਰਵੈਦਿਕ ਫਾਰਮੇਸੀ ਦੇ ਡੀ ਆਰ ਐਮ ਈ ਅਧੀਨ ਕਰਮਚਾਰੀਆਂ ਤੇ ਪੰਜਾਬ ਸਿਵਲ ਸਰਵਿਸਿਜ਼ ਦੇ ਰੂਲਜ਼ ਲਾਗੂ ਰੱਖੇ ਜਾਣਗੇ, ਠੇਕਾ ਆਧਾਰਿਤ ਕਰਮਚਾਰੀਆਂ ਨੂੰ ਰੈਗੂਲਰ ਕਰਨ ਤੇ ਅਧਿਕਾਰੀਆਂ ਵੱਲੋਂ ਸਰਕਾਰ ਦੇ ਹੁਕਮਾਂ ਦੀ ਉਡੀਕ ਕੀਤੀ ਜਾ ਰਹੀ ਹੈ, *ਦਰਜ਼ਾ ਤਿੰਨ (ਟੈਕਨੀਕਲ) , ਨਰਸਿੰਗ ਅਤੇ ਦਰਜ਼ਾ ਚਾਰ ਲਈ ਸਰਵਿਸ ਰੂਲਜ਼ ਤੇ ਜੱਥੇਬੰਦੀ ਦੇ ਆਗੂਆਂ ਸਖ਼ਤ ਇਤਰਾਜ਼ ਦਰਜ਼ ਕਰਵਾਉਂਦਿਆਂ ਕਲਰਕ ਦੀ ਆਸਾਮੀ ਜਿਹੜੀ 100% ਸਿੱਧੀ ਭਰਤੀ ਦਰਸਾਈ ਗਈ ਸੀ ਨੂੰ ਪੰਜਾਬ ਸਰਕਾਰ ਦੇ ਰੂਲਾਂ ਮੁਤਾਬਕ 15% ਦਰਜਾ ਚਾਰ ਤੋਂ ਪ੍ਰਮੋਸ਼ਨ ਕੋਟਾ ਬਹਾਲ ਕਰਵਾਇਆ, ਦਰਜਾ ਚਾਰ ਤੋਂ ਲੈਬ ਅਟੈਂਡੈਂਟ ਪ੍ਰਮੋਸ਼ਨ ਕੋਟਾ 75% ਪਹਿਲਾਂ ਦੀ ਤਰ੍ਹਾਂ ਜਾਰੀ ਰਹੇਗਾ, ਲੈਬੋਟਰੀ ਅਟੰਡੈਂਟ ਤੋਂ ਐਮ ਐਲ ਟੀ -2 ਦੀ ਪੱਦਉਨਤੀ ਕੋਟਾ ਲੰਮੀ ਬਹਿਸ ਤੋਂ ਬਾਅਦ 75% ਪ੍ਰਮੋਸ਼ਨ ਕੋਟਾ ਫਿਕਸ ਕਰਵਾਇਆ, ਦਰਜਾ ਚਾਰ ਤੋਂ ਡਰਾਈਵਰ ਜਿਹੜਾ ਕਿ ਪਹਿਲਾਂ ਸਿੱਧੀ ਭਰਤੀ ਹੁੰਦੀ ਸੀ, ਡਰਾਈਵਰ ਦੀ ਆਸਾਮੀ ਵੀ 25% ਪੱਦਉਨਤੀ ਰਾਹੀਂ ਦਰਜਾ ਚਾਰ ਵਿਚੋਂ ਭਰਨ ਦੀ ਵਿਵਸਥਾ ਕਰਵਾਈ ਗਈ, ਵਿਭਾਗ ਵਿੱਚ 20-25 ਸਾਲਾਂ ਤੋਂ ਕੰਮ ਕਰਦੇ ਲੈਬੋਟਰੀ ਅਟੈਂਡੰਟ ਲਈ ਡੀ ਐਮ ਐਲ ਟੀ ਕੋਰਸ ਅਤੇ ਲੈਬ. ਟੈਕਨਾਲੋਜੀ ਬ੍ਰਿਜ ਕੋਰਸ ਸ਼ੁਰੂ ਕਰਨ ਬਾਰੇ ਜੁਆਇੰਟ ਡਾਇਰੈਕਟਰ ਨੇ ਕਿਹਾ ਕਿ ਐਮ ਐਲ ਟੀ ਕੋਰਸ ਦੀ ਥਾਂ ਬਲੱਡ ਬੈਂਕ ਆਦਿ ਜਿਹੇ ਕੋਰਸ ਵਿਭਾਗ ਵਿੱਚ ਕੰਮ ਕਰਦੇ ਬਿਨਾਂ ਡਿਪਲੋਮਾ ਲੈਬ ਅਟੈਂਡੰਟ ਨੂੰ ਕਰਨਾ ਚਾਹੀਦਾ ਜਾਂ ਕਲੈਰੀਕਲ ਸਾਈਡ ਪ੍ਰਮੋਸ਼ਨ ਮਿਲ ਸਕਦੀ ਹੈ। ਇਸ ਮੌਕੇ ਮਹਿੰਦਰ ਸਿੰਘ ਸਿੱਧੂ, ਕੁਲਦੀਪ ਸਿੰਘ, ਹਰਸ਼ਦੀਪ ਸਿੰਘ, ਦੇਸ ਰਾਜ, ਅਸ਼ਵਨੀ ਕੁਮਾਰ ਆਦਿ ਵੀ ਹਾਜਰ ਸਨ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਤੇ ਨਗਰ ਨਿਗਮ ਕਮਿਸ਼ਨਰ ਨੇ ਡਾਇਰੀਆ ਦੀ ਸਥਿਤੀ ਬਾਰੇ ਪੇਸ਼ ਕੀਤੇ ਅੰਕੜੇ

ਮੈਂ ਖ਼ੁਦ ਤੇ ਨਗਰ ਨਿਗਮ ਲੋਕਾਂ ਦੀ ਸੇਵਾ 'ਚ ਹਾਜ਼ਰ, ਸ਼ਹਿਰ ਵਾਸੀ ਬੇਫ਼ਿਕਰ ਰਹਿਣ: ਕੋਹਲੀ

ਪਟਿਆਲਾ, 1 ਅਗਸਤ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਨਗਰ ਨਿਗਮ ਦੇ ਕਮਿਸ਼ਨਰ ਅਦਿੱਤਿਆ ਡੇਚਲਵਾਲ ਦੇ ਨਾਲ ਡਾਇਰੀਆ ਦੀ ਸਥਿਤੀ ਬਾਰੇ ਅੰਕੜੇ ਪੇਸ਼ ਕਰਕੇ ਦੱਸਿਆ ਕਿ ਪੰਜਾਬ ਸਰਕਾਰ ਤੇ ਨਗਰ ਨਿਗਮ ਨੇ ਉਲਟੀਆਂ ਤੇ ਦਸਤਾਂ ਦੀ ਸਥਿਤੀ 'ਤੇ ਕਾਬੂ ਪਾਉਣ ਲਈ ਤੁਰੰਤ ਲੋੜੀਂਦੇ ਕਦਮ ਚੁੱਕੇ ਅਤੇ ਢੁੱਕਵੀਂ ਕਾਰਵਾਈ ਕਰਕੇ ਰੋਗ ਨੂੰ ਅੱਗੇ ਹੋਰ ਫੈਲਣ ਤੋਂ ਬਚਾਇਆ ਹੈ। ਅੱਜ ਨਗਰ ਨਿਗਮ ਦਫ਼ਤਰ ਵਿਖੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਨਗਰ ਨਿਗਮ ਨੇ ਡਾਇਰੀਆ ਦੀ ਸਥਿਤੀ ਨੂੰ ਹੋਰ ਅੱਗੇ ਵੱਧਣ ਤੋਂ ਰੋਕਣ ਲਈ ਤੁਰੰਤ ਢੁਕਵੀਂ ਕਾਰਵਾਈ ਕੀਤੀ ਹੈ, ਸਿੱਟੇ ਵਜੋਂ ਕਿਸੇ ਨਵੇਂ ਇਲਾਕੇ ਵਿੱਚ ਡਾਇਰੀਆ ਦੇ ਇਕੱਠੇ ਮਾਮਲੇ ਸਾਹਮਣੇ ਨਹੀਂ ਆਏ ਹਨ। ਉਨ੍ਹਾਂ ਕਿਹਾ ਕਿ ਉਹ ਖ਼ੁਦ ਤੇ ਨਗਰ ਨਿਗਮ ਲੋਕਾਂ ਦੀ ਸੇਵਾ 'ਚ ਸਦਾ ਹਾਜ਼ਰ ਹੈ, ਇਸ ਲਈ ਸ਼ਹਿਰ ਵਾਸੀ ਬੇਫ਼ਿਕਰ ਰਹਿਣ।

ਪਟਿਆਲਾ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਗੱਲਬਾਤ ਕਰਦੇ ਹੋਏ। ਉਨ੍ਹਾਂ ਨਾਲ ਨਗਰ ਨਿਗਮ ਕਮਿਸ਼ਨਰ ਅਦਿੱਤਿਆ ਡੇਚਲਵਾਲ ਵੀ ਨਜ਼ਰ ਆ ਰਹੇ ਹਨ। ਫ਼ੋਟੋ ਤੇ ਵੇਰਵਾ : ਕੌਮੀ ਪੱਤ੍ਰਿਕਾ ਬਿਊਰੋ

ਵਿਧਾਇਕ ਕੋਹਲੀ ਨੇ ਦੱਸਿਆ ਕਿ ਡਾਇਰੀਆ ਫੈਲਣ ਦੇ ਮੁੱਖ ਕਾਰਨ ਲੋਕਾਂ ਵੱਲੋਂ ਅਣਅਧਿਕਾਰਤ ਪਾਣੀ ਦੇ ਕੁਨੈਕਸ਼ਨ ਅਤੇ ਟੁੱਲੂ ਪੰਪਾਂ ਦੀ ਵਰਤੋਂ ਹੈ ਕਿਉਂਕਿ ਟੁੱਲੂ ਰਾਹੀਂ ਲੋਅ ਪ੍ਰੈਸ਼ਰ ਬਣ ਜਾਂਦਾ ਹੈ ਅਤੇ ਦੂਸ਼ਿਤ ਪਾਣੀ ਟੈਂਕੀਆਂ ਵਿੱਚ ਚਲਾ ਜਾਂਦਾ ਹੈ ਅਤੇ ਅਜਿਹਾ ਗੰਧਲਾ ਪਾਣੀ ਪੀਣ ਨਾਲ ਪੇਟ ਵਿੱਚ ਇਨਫੈਕਸ਼ਨ ਹੋਣ ਕਰਕੇ ਉਲਟੀਆਂ ਤੇ ਦਸਤਾਂ ਦੀ ਬਿਮਾਰੀ ਹੁੰਦੀ ਹੈ। ਇਸ ਲਈ ਲੋਕ ਸਾਥ ਦੇਣ ਅਤੇ ਆਪਣੇ ਪਾਣੀ ਦੇ ਕੁਨੈਕਸ਼ਨ ਰੈਗੂਲਰਾਈਜ਼ ਕਰਵਾ ਲੈਣ, ਨਹੀਂ ਤਾਂ ਨਗਰ ਨਿਗਮ ਵੱਲੋਂ ਕਾਰਵਾਈ ਕੀਤੀ ਜਾਵੇਗੀ।

ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਨਗਰ ਨਿਗਮ ਨੇ ਪ੍ਰਭਾਵਤ ਇਲਾਕਿਆਂ ਵਿੱਚੋਂ ਪਾਣੀ ਦੇ 195 ਸੈਂਪਲ ਭਰੇ, ਜਿਸ ਵਿੱਚੋਂ 105 ਦੀ ਰਿਪੋਰਟ ਆ ਗਈ ਹੈ ਤੇ 90 ਸੈਂਪਲਾਂ ਦੀ ਰਿਪੋਰਟ ਬਾਕੀ ਹੈ। ਇਨ੍ਹਾਂ ਵਿੱਚੋਂ 80 ਸੈਂਪਲ ਪਾਸ ਹੋਏ ਤੇ 25 ਫੇਲ ਹੋਏ, ਜਿੱਥੇ ਸੈਂਪਲ ਫੇਲ ਹੋਏ ਉਥੇ ਨਗਰ ਨਿਗਮ ਨੇ ਪਾਣੀ ਦੇ ਬਦਲਵੇਂ ਸਰੋਤ ਮੁਹੱਈਆ ਕਰਵਾਏ ਤੇ ਤੁਰੰਤ ਕਾਰਵਾਈ ਕਰਦੇ ਹੋਏ ਪਾਣੀ ਦੀਆਂ ਪਾਇਪਾਂ ਦੀ ਮੁਰੰਮਤ ਕਰਵਾਈ। ਜਿਸ ਕਰਕੇ ਹੁਣ ਸਥਿਤੀ ਵਿੱਚ ਸੁਧਾਰ ਹੋ ਹੋਣ ਕਰਕੇ ਨਵੇਂ ਇਲਾਕਿਆਂ ਵਿੱਚ ਨਵੇਂ ਮਾਮਲੇ ਇਕੱਠੇ ਨਹੀਂ ਆ ਰਹੇ।

ਵਿਧਾਇਕ ਕੋਹਲੀ ਨੇ ਕਮਿਸ਼ਨਰ ਦੇ ਹਵਾਲੇ ਨਾਲ ਦੱਸਿਆ ਕਿ ਸ਼ਹਿਰ ਵਿੱਚ ਨਗਰ ਨਿਗਮ ਦੇ 178 ਟਿਊਬਵੈਲ ਚੱਲਦੇ ਹਨ, ਜਿਨ੍ਹਾਂ ਦੀ ਚੈਕਿੰਗ ਦੌਰਾਨ 26 ਵਿੱਚ ਕਲੋਰੀਨੇਸ਼ਨ ਘੱਟ ਹੋ ਰਹੀ ਹੋਣ ਕਰਕੇ ਡੋਜ਼ਰ ਪੂਰੇ ਕਰਵਾਏ ਤੇ ਨਿਰਧਾਰਤ ਮਾਪਦੰਡਾਂ ਵਾਲਾ ਕਲੋਰੀਨ ਯੁਕਤ ਪਾਣੀ ਅਖੀਰਲੀ ਟੂਟੀ ਤੱਕ ਪਹੁੰਚਾਉਣ ਲਈ ਵੀ ਨਵੇਂ ਉਪਰਾਲਿਆਂ ਤਹਿਤ ਹੋਰ ਡੋਜ਼ਰ ਲਗਾਏ ਜਾ ਰਹੇ ਹਨ। ਇਨ੍ਹਾਂ ਪੰਪਾਂ ਵਿੱਚ ਕਲੋਰੀਨ ਦੀ ਡੋਜ਼ 1 ਪੀਪੀਐਮ ਤੋਂ ਵਧਾ ਕੇ 3 ਪੀਪੀਐਮ ਤੱਕ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਨਗਰ ਨਿਗਮ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਸੀਵਰੇਜ ਲਾਈਨਾਂ ਦੀ ਸਫ਼ਾਈ ਤੇ ਡੀਸਿਲਟਿੰਗ ਕਰਨ ਲਈ ਦੋ ਸੁਪਰਸੱਕਸ਼ਨ ਮਸ਼ੀਨਾਂ ਇੱਕੋ ਵੇਲੇ ਕੰਮ ਕਰ ਰਹੀਆਂ ਹਨ। ਸ਼ਹਿਰ ਦਾ ਐਸ.ਟੀ.ਪੀ. 76 ਐਮ.ਐਲ.ਡੀ. ਦਾ ਹੋਣ ਕਰਕੇ ਸੀਵਰੇਜ ਟ੍ਰੀਟਮੈਂਟ ਪਲਾਂਟ ਦੀ 10 ਐਮ.ਐਲ.ਡੀ. ਸਮਰੱਥਾ ਵਧਾਉਣ ਦੇ ਨਾਲ-ਨਾਲ ਨੀਂਵੇ ਇਲਾਕਿਆਂ ਮਥੁਰਾ ਕਲੋਨੀ, ਪ੍ਰਤਾਪਲ ਨਗਰ, ਨਿਊ ਮਹਿੰਦਰਾ ਕਲੋਨੀ ਆਦਿ ਵਿੱਚ 5 ਪੋਰਟੇਬਲ ਐਸ.ਟੀ.ਪੀਜ਼ ਲਗਾਏ ਜਾਣਗੇ।

ਇਸੇ ਦੌਰਾਨ ਨਗਰ ਨਿਗਮ ਦੇ ਕਮਿਸ਼ਨਰ ਅਦਿੱਤਿਆ ਡੇਚਲਵਾਲ ਨੇ ਕਿਹਾ ਕਿ ਸ਼ਹਿਰ ਵਿੱਚ ਸੀਵਰੇਜ ਲਾਇਨਾਂ ਦੀ ਸਫ਼ਾਈ ਇੱਕ ਵੱਡਾ ਚੁਣੌਤੀ ਵਾਲਾ ਕਾਰਜ ਹੈ।

ਡਾ. ਮਨਜੀਤ ਸਿੰਘ ਢਿੱਲੋ ਨੂੰ ਤੀਸਰੀ ਵਾਰ ਗੁੱਡ ਮੋਰਨਿੰਗ ਵੈੱਲਫੇਅਰ ਕਲੱਬ ਦਾ ਪ੍ਰਧਾਨ ਬਣਨ ਤੇ ਮੁਬਾਰਕਾਂ

ਜ਼ੀਰਾ ,1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਨਾਮਵਰ ਬਾਬਾ ਫਰੀਦ ਨਰਸਿੰਗ ਇੰਸਟੀਚਿਊਟ ਕੋਟ ਕਪੂਰਾ ਦੇ ਚੇਅਰਮੈਨ ਅਤੇ ਉੱਘੇ ਸਮਾਜ ਸੇਵੀ ਡਾਕਟਰ ਮਨਜੀਤ ਸਿੰਘ ਢਿੱਲੋ ਨੂੰ ਗੁੱਡ ਮੋਰਨਿੰਗ ਵੈੱਲਫੇਅਰ ਕਲੱਬ ਕੋਟ ਕਪੂਰਾ ਦਾ ਤੀਸਰੀ ਵਾਰ ਪ੍ਰਧਾਨ ਬਣਨ ਤੇ ਹਰ ਪਾਸਿਓਂ ਮੁਬਾਰਕਾ ਮਿਲ ਰਹੀਆਂ ਹਨ । ਉੱਘੇ ਪੱਤਰਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ, ਡਾਕਟਰ ਪ੍ਰੀਤਮ ਸਿੰਘ ਸ਼ੋਕਰ, ਪੱਤਰਕਾਰ ਜਗਤਾਰ ਸਿੰਘ ਮਨੇਸ, ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ ਐਲ ਏ ਗੁਰਦਿੱਤ ਸਿੰਘ ਸੇਖੋਂ, ਮਨਜੀਤ ਕੌਰ ਨੰਗਲ, ਸਰਪੰਚ ਸੁਰਜੀਤ ਸਿੰਘ ਗਿੱਲ, ਸਰਪੰਚ ਸੁਖਚੈਨ ਸਿੰਘ ਬਰਾੜ, ਜ਼ੀਰਾ ਤੋਂ ਕਾਂਗਰਸ ਪਾਰਟੀ ਦੇ ਸਾਬਕਾ ਐਮ ਐਲ ਏ ਅਤੇ ਲੋਕ ਸਭਾ ਹਲਕਾ ਖੰਡੂਰ ਸਾਹਿਬ ਤੋਂ ਚੋਣ ਲੜ ਚੁੱਕੇ ਸਰਦਾਰ ਕੁਲਬੀਰ ਸਿੰਘ ਜੀਰਾ, ਡਾਕਟਰ ਕਮਲ ਮੈਡੀਕਲ ਹਸਪਤਾਲ ਫਰੀਦਕੋਟ, ਡਾ ਨੀਤੂ ਕੁੱਕਰ ਮੈਡੀਕਲ ਸੁਪਰਡੈਟ, ਡਾਕਟਰ ਸੋਨੂ ਆਹੁਜਾ ਮੈਡੀਕਲ ਹਸਪਤਾਲ ਫਰੀਦਕੋਟ, ਡਾ ਜੋਤੀ ਯਾਦਵ, ਪੱਤਰਕਾਰ ਗੁਰਮੀਤ ਸਿੰਘ ਮੀਤਾ ਅਤੇ ਗੁਡ ਮੋਰਨਿੰਗ ਵੈਲਫੇਅਰ ਕਲੱਬ ਕੋਟ ਕਪੂਰਾ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਡਾਕਟਰ ਮਨਜੀਤ ਸਿੰਘ ਢਿੱਲੋ ਨੂੰ ਦਿੱਲੀ ਮੁਬਾਰਕਾਂ ਦਿੱਤੀਆਂ। ਇਸ ਮੌਕੇ ਡਾਕਟਰ ਮਨਜੀਤ ਸਿੰਘ ਢਿੱਲੋ ਨੇ ਕਿਹਾ ਕਿ ਉਹ ਆਪਣਾ ਕੰਮ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਨਗੇ ।

ਪਰਮਿੰਦਰ ਕੌਰ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਦਾ ਅਹੁਦਾ ਸੰਭਾਲਿਆ

ਪਟਿਆਲਾ, 1 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਰੂਪਨਗਰ ਤੋਂ ਪਟਿਆਲਾ ਵਿਖੇ ਤਬਦੀਲ ਹੋਏ ਪਰਮਿੰਦਰ ਕੌਰ ਨੇ ਅੱਜ ਇੱਥੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ), ਪਟਿਆਲਾ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਸਟਾਫ਼ ਮੈਂਬਰ ਅਤੇ ਹੋਰ ਮੋਹਤਬਰ ਹਾਜ਼ਰ ਸਨ।

ਪਰਮਿੰਦਰ ਕੌਰ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹੁਕਮਾਂ ਮੁਤਾਬਕਾ ਸਾਰਿਆਂ ਦੇ ਤਾਲਮੇਲ ਅਤੇ ਸਹਿਯੋਗ ਨਾਲ ਕੰਮ ਕਰਨਗੇ।ਸਕੂਲਾਂ ਅਤੇ ਸਿੱਖਿਆ ਦੇ ਸੁਧਾਰ ਲਈ ਸਾਰਥਕ ਯਤਨ ਕਰਨੇ ਉਨ੍ਹਾਂ ਦੀ ਤਰਜੀਹ ਹੋਵੇਗੀ।ਉਨ੍ਹਾਂ ਨੇ ਪਟਿਆਲਾ ਵਿੱਚ ਸੇਵਾ ਕਰਨ ਦਾ ਮੌਕਾ ਦੇਣ ਲਈ ਵਿਭਾਗ ਦਾ ਧੰਨਵਾਦ ਕੀਤਾ।

ਇਸ ਮੌਕੇ ਡਿਪਟੀ ਡੀ.ਈ.ਓ. ਮਨਵਿੰਦਰ ਕੌਰ ਭੁੱਲਰ ਤੇ ਹੋਰ ਵਿਭਾਗੀ ਕਰਮਚਾਰੀ ਵੀ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਲੋਕ ਸਭਾ ਚੋਣਾਂ 'ਚ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸੌਂਪੇ ਪ੍ਰਸ਼ੰਸਾ ਪੱਤਰ

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਲੋਕ ਸਭਾ ਚੋਣਾਂ ਵਿੱਚ ਬਿਹਤਰ ਕਾਰਗੁਜ਼ਾਰੀ ਬਦਲੇ ਜ਼ਿਲ੍ਹਾ ਅਧਿਕਾਰੀਆਂ ਨੂੰ ਸਨਮਾਨਤ ਕਰਦੇ ਹੋਏ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

ਪਟਿਆਲਾ, 1 ਅਗਸਤ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਅੱਜ ਲੋਕ ਸਭਾ ਚੋਣਾਂ-2024 ਵਿੱਚ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਜ਼ਿਲ੍ਹਾ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪ੍ਰਸ਼ੰਸਾ ਪੱਤਰਾਂ ਦੀ ਵੰਡ ਕੀਤੀ। ਇਸ ਮੌਕੇ ਉਨ੍ਹਾਂ ਨੇ ਇਨ੍ਹਾਂ ਚੋਣਾਂ ਵਿੱਚ ਪਾਰਦਰਸ਼ੀ ਢੰਗ ਨਾਲ ਨਿਰਪੱਖ ਡਿਊਟੀ ਨਿਭਾਉਣ ਲਈ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵਧਾਈ ਵੀ ਦਿੱਤੀ।

ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਸਰਕਾਰੀ ਮੁਲਾਜਮ ਨੂੰ ਆਪਣੀ ਸੇਵਾ ਦੌਰਾਨ ਬਹੁਤ ਉਤਰਾਅ ਚੜ੍ਹਾਅ ਆਉਂਦੇ ਹਨ ਪਰੰਤੂ ਅਜਿਹੇ ਬਹੁਤ ਘੱਟ ਮੌਕੇ ਹੁੰਦੇ ਹਨ, ਜਦੋਂ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਪ੍ਰਦਾਨ ਹੋਣ, ਇਸ ਲਈ ਸਾਰੇ ਮੁਲਾਜਮ ਵਧਾਈ ਦੇ ਪਾਤਰ ਹਨ, ਕਿ ਉਨ੍ਹਾਂ ਨੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਬਹੁਤ ਵਧੀਆ ਢੰਗ ਨਾਲ ਚੋਣਾਂ ਦਾ ਅਹਿਮ ਕਾਰਜ ਨੇਪਰੇ ਚੜ੍ਹਾਇਆ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਹੁਣ ਚੋਣਾਂ ਦੇ ਬਾਅਦ ਵੀ ਸਾਰੇ ਅਧਿਕਾਰੀ ਤੇ ਕਰਮਚਾਰੀ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਆਪਣੀ ਡਿਊਟੀ ਪੂਰੀ ਪ੍ਰਤੀਬੱਧਤਾ ਨਾਲ ਇਸੇ ਤਰ੍ਹਾਂ ਨਿਭਾਉਣਗੇ ਤਾਂ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰ੍ਹੇ ਉਤਰ ਸਕਣ ਅਤੇ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਵੀ ਲੋਕਾਂ ਤੱਕ ਹੇਠਲੇ ਪੱਧਰ 'ਤੇ ਪੁੱਜਦਾ ਕੀਤਾ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਚੋਣਾਂ ਬਹੁਤ ਹੀ ਚੁਣੌਤੀ ਪੂਰਨ ਸਨ ਪਰੰਤੂ ਫਿਰ ਵੀ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਰਪੱਖ ਰਹਿਕੇ ਨਿਭਾਈ ਅਤੇ ਚੋਣਾਂ ਸਫ਼ਲਤਾ ਪੂਰਵਕ ਕਰਵਾਈਆਂ ਜਾ ਸਕੀਆਂ। ਇਸ ਮੌ

ਸਾਹਿਤ ਲੋਕਾਂ ਵਿਚ ਮਾਨਵਵਾਦੀ ਦ੍ਰਿਸ਼ਟੀਕੋਣ ਪੈਦਾ ਕਰਦੇ

ਡਾ. ਕਰਮਜੀਤ ਸਿੰਘ



• ਡਾ.ਧਰਮਪਾਲ ਸਾਹਿਲ
98761-56964

ਪੰਜਾਬ ਦੀ ਲੋਕਧਾਰਾ ਅਤੇ ਪੰਜਾਬੀ ਆਲੋਚਨਾ ਦੇ ਨਾਲ-ਨਾਲ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸਾਬਕਾ ਜਨਰਲ ਸਕੱਤਰ ਵਜੋਂ ਪ੍ਰਮਿੱਖੀ ਪ੍ਰਾਪਤ ਡਾ. ਕਰਮਜੀਤ ਸਿੰਘ ਵਿਸ਼ੇਸ਼ ਕਰ ਕੇ ਦੁਆਬੇ ਦੀਆਂ ਸਾਹਿਤ ਸਭਾਵਾਂ ਦੀ ਜਿੰਦ ਜਾਨ ਹਨ। ਦਸੂਹਾ ਨੇੜਲੇ ਪਿੰਡ ਸੱਜਣਾ ਵਿਖੇ ਮਾਤਾ ਰਤਨ ਕੌਰ ਅਤੇ ਪਿਤਾ ਪ੍ਰੀਤਮ ਸਿੰਘ ਦੇ ਘਰ 14 ਮਾਰਚ 1952 ਨੂੰ ਜਨਮੇ ਡਾ. ਕਰਮਜੀਤ ਸਿੰਘ ਦੇ ਪਿਤਾ ਰਿਟਾ. ਆਨਰੇਰੀ ਕੈਪਟਨ ਸਨ। ਇਨ੍ਹਾਂ ਨੇ ਮੁਢਲੀ ਸਿੱਖਿਆ ਪਹਿਲੀ ਤੋਂ ਤੀਜੀ ਤਕ ਮੁਕੇਰੀਆਂ, ਚੌਥੀ ਤੋਂ ਪੰਜਵੀਂ ਮਹਾਰਾਸ਼ਟਰ ਤੋਂ, ਛੇਵੀਂ ਤੋਂ ਦਸਵੀਂ ਤਕ ਗੁਰੂ ਨਾਨਕ ਪਬਲਿਕ ਸਕੂਲ, ਤੇਲੀਚੱਕ ਤੋਂ ਪਾਸ ਕੀਤੀ। ਫਿਰ ਸਾਇੰਸ ਵਿਸ਼ੇ ਨਾਲ ਪ੍ਰੈਪ ਕਰਨ ਉਪਰੰਤ ਬੀ ਏ ਤੇ ਬੀ ਏ ਆਨਰਜ਼ ਦੀ ਡਿਗਰੀ ਖ਼ਾਲਸਾ ਕਾਲਜ ਗੜ੍ਹਦੀਵਾਲਾ ਤੋਂ ਪ੍ਰਾਪਤ ਕਰਨ ਉਪਰੰਤ ਐਮ.ਏ. ਪੰਜਾਬੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਮਗਰੋਂ ਪੀ.ਐੱਚ. ਡੀ.(ਪੰਜਾਬੀ ਰੁਬਾਈ ਕਾਵਿ ਦਾ ਸਰਵੇਖਣ ਤੇ ਮੂਲੰਕਣ -1980) ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ. ਕੇਸਰ ਸਿੰਘ ਕੇਸਰ ਦੀ ਅਗਵਾਈ ਵਿਚ ਹਾਸਿਲ ਕੀਤੀ। ਪੜ੍ਹਾਈ ਵਾਂਗ ਹੀ ਨੌਕਰੀ ਵੀ ਕਈ ਥਾਂ ਘੁੰਮ ਕੇ ਕੀਤੀ। ਡੀ.ਏ.ਵੀ.ਕਾਲਜ ਦਸੂਹਾ ਤੋਂ ਅਧਿਆਪਨ ਕਾਰਜ ਸ਼ੁਰੂ ਕਰ ਕੇ ਸਰਕਾਰੀ ਕਾਲਜ ਟਾਂਡਾ, ਬਠਿੰਡਾ, ਰੋਪੜ, ਪੱਟੀ, ਹੁਸ਼ਿਆਰਪੁਰ ਮਗਰੋਂ ਲਗਪਗ 30 ਸਾਲ ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਬਤੌਰ ਲੈਕਚਰਰ, ਰੀਡਰ, ਪ੍ਰੋਫੈਸਰ, ਅਤੇ ਚੇਅਰਮੈਨ ਸੇਵਾ ਕਰਨ ਉਪਰੰਤ 31ਮਾਰਚ 2012 ਨੂੰ ਸੇਵਾ ਮੁਕਤ ਹੋਏ। ਇਨ੍ਹਾਂ ਦੀ ਧਰਮ ਪਤਨੀ ਗੁਰਬਚਨ ਕੌਰ ਵੀ ਸਰਕਾਰੀ ਸਕੂਲ (ਘੰਟਾਘਰ), ਹੁਸ਼ਿਆਰਪੁਰ ਤੋਂ ਬਤੌਰ ਪੰਜਾਬੀ ਲੈਕਚਰਾਰ ਰਿਟਾਇਰ ਹੋਏ ਹਨ। ਇਕਲੌਤੀ ਬੇਟੀ ਜੀਵਨ ਜੋਤ ਐਮ ਸੀ ਏ ਮਗਰੋਂ ਗ੍ਰਾਫਿਕਸ ਅਤੇ ਡਿਜ਼ਾਇਨਿੰਗ ਨੂੰ ਸਮਾਂ ਦੇ ਰਹੀ ਹੈ। ਡਾ. ਕਰਮਜੀਤ ਸਿੰਘ ਹੁਣ ਤਕ ਲੋਕਧਾਰਾ ਅਤੇ ਪੰਜਾਬੀ ਅਲੋਚਨਾ ਦੀਆਂ 22 ਪੁਸਤਕਾਂ ਅਤੇ ਬੱਚਿਆਂ ਤੇ ਨਵਸਾਖਰਾਂ ਲਈ ਚਾਰ ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਪਾ ਚੁਕੇ ਹਨ। ਇਨ੍ਹਾਂ ਦੀ ਕੁਸ਼ਲ ਨਿਰਦੇਸ਼ਨਾ ਹੇਠ 28 ਵਿਦਿਆਰਥੀ ਪੀਐੱਚ. ਡੀ. ਅਤੇ 120 ਵਿਦਿਆਰਥੀ ਐਮ.ਫਿਲ. ਦੀ ਡਿਗਰੀ ਹਾਸਿਲ ਕਰ ਚੁੱਕੇ ਹਨ। ਮੌਲਿਕ ਲੇਖਣ ਦੇ ਨਾਲ-ਨਾਲ ਇਨ੍ਹਾਂ ਨੇ ਸੰਪਾਦਨਾ ਦੇ ਖੇਤਰ ਵਿਚ ਵੀ ਵੱਡਮੁੱਲਾ ਯੋਗਦਾਨ ਪਾਇਆ ਹੈ। ਕਈ ਮਾਣਾਂ ਸਨਮਾਨਾਂ ਨਾਲ ਨਿਵਾਜੀ ਜਾ ਚੁੱਕੀ ਦੁਆਬੇ ਦੀ ਇਸ ਸਾਹਿਤਕ ਅਤੇ ਵਿਦਵਾਨ ਹਸਤੀ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼ ਪਾਠਕਾਂ ਲਈ ਪੇਸ਼ ਹਨ।

• ਡਾ. ਸਾਹਿਬ ਤੁਹਾਨੂੰ ਸਾਹਿਤ ਪੜ੍ਹਨ ਦੀ ਚੇਟਕ ਕਿਵੇਂ ਲੱਗੀ?

ਮੇਰੇ ਪਿਤਾ ਜੀ ਰਿਟਾਇਰਡ ਫ਼ੌਜੀ ਸਨ। ਘਰੇਲੂ ਮਾਹੌਲ ਬਿਲਕੁਲ ਵੀ ਸਾਹਿਤਕ ਨਹੀਂ ਸੀ। ਮੇਰੇ ਬਾਬਾ ਠਾਕੁਰ ਸਿੰਘ ਨੂੰ ਸ਼ੌਕੀਆ ਪੜ੍ਹਨ ਦੀ ਆਦਤ ਸੀ। ਕਿਤਾਬਾਂ ਪੜ੍ਹ ਕੇ ਹੀ ਉਨ੍ਹਾਂ ਨੇ ਜੋਤਿਸ਼, ਵੈਦਗਿਰੀ ਤੇ ਜੋਗੀਆਂ ਜੰਗਮਾਂ ਬਾਰੇ ਕਾਫੀ ਜਾਣਕਾਰੀ ਹਾਸਿਲ ਕਰ ਲਈ ਸੀ। ਉਹ ਗੁਰਦਵਾਰਾ ਸਾਹਿਬ ਜਾ ਕੇ 'ਸੂਰਜ ਪ੍ਰਕਾਸ਼' ਦਾ ਪਾਠ ਵੀ ਕਰਿਆ ਕਰਦੇ ਸਨ। ਮੈਨੂੰ ਸਭ ਤੋਂ ਪਹਿਲੋਂ ਉਨ੍ਹਾਂ ਤੋਂ ਸੂਰਜ ਪ੍ਰਕਾਸ਼ ਪੜ੍ਹਨ ਦੀ ਪ੍ਰੇਰਨਾ ਅਤੇ ਮੌਕਾ ਪ੍ਰਾਪਤ ਹੋਇਆ। ਫਿਰ ਦਸਵੀਂ ਵਿਚ ਪੜ੍ਹਦਿਆਂ ਸੁਖਮਨੀ ਸਾਹਿਬ ਆਪ ਖਰੀਦ ਕੇ ਪਾਠ ਕੀਤਾ। ਇੰਜ ਮੈਨੂੰ ਸਭ ਤੋਂ ਪਹਿਲਾਂ ਧਾਰਮਿਕ ਸਾਹਿਤ ਪੜ੍ਹਨ ਦੀ ਚੇਟਕ ਲੱਗੀ।

• ਤੁਸੀਂ ਪਹਿਲੀ ਰਚਨਾ ਕਦੋਂ, ਕਿਸ ਵਿਧਾ ਵਿਚ, ਕਿੱਥੇ ਲਿਖੀ?

ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਪੜ੍ਹਦਿਆਂ ਮੈਂ ਪਹਿਲਾ ਲੇਖ 'ਅਖੰਡ ਪਾਠ ਦੀ ਸ਼ੁਰੂਆਤ ਕਿੱਥੋਂ ਹੋਈ' ਲਿਖਿਆ, ਪਰ ਉਹ ਕਿਧਰੇ ਛਪਿਆ ਨਹੀਂ। ਫਿਰ ਇਸੇ ਕਾਲਜ ਦੇ ਸਾਲਾਨਾ ਮੈਗਜ਼ੀਨ ਵਿਚ (1972) ਨੂੰ ਮੇਰੀਆਂ ਚਾਰ ਰਚਨਾਵਾਂ ਇਕੱਠੀਆਂ ਪ੍ਰਕਾਸ਼ਤ ਹੋਈਆਂ। ਅੰਗਰੇਜ਼ੀ ਵਿਚ ਟੀਚਿੰਗ ਆਫ ਗੁਰੂ ਗੋਬਿੰਦ ਸਿੰਘ ਜੀ, ਹਿੰਦੀ ਵਿਚ ਆਦਿ ਗ੍ਰੰਥ ਏਕ ਪਰਿਚਯ, ਪੰਜਾਬੀ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਆਈ ਵਾਰਤਕ ਅਤੇ ਪੰਜਾਬੀ ਵਿਚ ਕਵਿਤਾਵਾਂ ਛਪੀਆਂ।

• ਤੁਸੀਂ ਧਾਰਮਿਕ ਸਾਹਿਤ ਤੋਂ ਮਾਰਕਸਵਾਦੀ ਸਾਹਿਤ ਵੱਲ ਮੋੜਾ ਕਿਵੇਂ ਕੱਟਿਆ ?

ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਪੜ੍ਹਦਿਆਂ ਪੰਜਾਬੀ ਲੈਕਚਰਾਰ ਜਸਵੰਤ ਸਿੰਘ ਮੂੰਹੋਂ ਪਹਿਲੀ ਵਾਰੀ ਪ੍ਰਗਤੀਵਾਦ ਅਤੇ ਵਰਗ ਆਦਿ ਸ਼ਬਦ ਸੁਣੇ। ਪਿੰਡ ਦੇ ਇਕ ਦੁਕਾਨਦਾਰ ਨੇ ਮੈਨੂੰ ਪੁੱਛਿਆ, ਇਹ ਜਨਮ ਸਾਖੀਆਂ ਤੇ ਦੰਦ ਕਥਾਵਾਂ ਸੱਚੀਆਂ ਹੁੰਦੀਆ ਹਨ? ਮੇਰੇ ਵੱਲੋਂ ਨਹੀਂ ਕਹਿਣ 'ਤੇ ਉਸ ਨੇ ਮੈਨੂੰ ਕਿਹਾ ਤੂੰ ਤਾਂ ਕਮਿਊਨਿਸਟ ਹੋ ਗਿਆ ਹੈਂ। ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਮ.ਏ. ਪੰਜਾਬੀ ਵਿਚ ਪੜ੍ਹਦਿਆਂ ਪੰਜਾਬੀ ਸਾਹਿਤ ਸਭਾ ਬਣਾਈ ਗਈ। ਜਿਸ ਵਿਚ ਮੇਰਾ ਜਮਾਤੀ ਸੁਖਦੇਵ ਸਿੰਘ ਵਿਰਕ ਪ੍ਰਧਾਨ ਅਤੇ ਮੈਨੂੰ ਜਨਰਲ ਸਕੱਤਰ ਚੁਣਿਆ ਗਿਆ। ਮੇਰੇ ਪ੍ਰਾਧਿਆਪਕ ਅਮਰਜੀਤ ਗੋਰਕੀ ਨੇ ਮੈਨੂੰ ਮਾਰਕਸਵਾਦ ਬਾਰੇ ਕਿਤਾਬਾਂ ਪੜ੍ਹਾਈਆਂ। ਉੱਥੇ ਇੱਕ ਘਟਨਾ ਵਾਪਰੀ। ਪੰਜਾਬੀ ਵਿਭਾਗ ਪਾਸ ਆਪਣੇ ਕਮਰੇ ਨਹੀਂ ਸਨ। ਸਾਡੇ ਪੰਜਾਬੀ ਦੇ ਪੀਰੀਅਡ ਕਮਿਸਟਰੀ ਵਿਭਾਗ ਵਿਚ ਲਾਏ ਜਾਂਦੇ ਸਨ। ਇਕ ਦਿਨ ਅਸੀਂ ਆਪਣਾ ਪੀਰੀਅਡ ਲਾਉਣ ਗਏ ਤਾਂ ਕਮਰਿਆਂ ਵਿਚ ਕੋਈ ਹੋਰ ਲੋਕ ਬੈਠੇ ਸਨ। ਪੁੱਛਣ 'ਤੇ ਕਮਿਸਟਰੀ ਦੇ ਪ੍ਰੋਫੈਸਰ ਨੇ ਸਾਡੇ ਨਾਲ ਚੰਗਾ ਵਿਵਹਾਰ ਨਹੀ ਕੀਤਾ।

ਅਸੀਂ ਹੜਤਾਲ ਕਰਾ ਦਿੱਤੀ ਅਤੇ ਪ੍ਰੀਖਿਆਵਾਂ ਦੇ ਬਾਈਕਾਟ ਦਾ ਸੱਦਾ ਦੇ ਦਿੱਤਾ। ਸਾਡੇ ਇਸ ਦਬਾਅ ਸਦਕਾ ਲਾਇਬ੍ਰੇਰੀ ਦੇ ਉੱਪਰ ਪੰਜਾਬੀ ਵਿਭਾਗ ਪੱਕੇ ਤੌਰ 'ਤੇ ਖੁੱਲ੍ਹ ਗਿਆ। ਇੰਜ ਪਹਿਲੀ ਵਾਰੀ ਜੱਥੇਬੰਦਕ ਏਕਤਾ ਅਤੇ ਸੰਘਰਸ਼ ਰਾਹੀਂ ਪ੍ਰਾਪਤੀ ਦਾ ਅਹਿਸਾਸ ਹੋਇਆ। ਪਰ ਇਸ ਗੱਲ ਦਾ ਮੈਨੂੰ ਖਮਿਆਜਾ ਇਹ ਭੁਗਤਣਾ ਪਿਆ ਕਿ ਮੇਰੀ ਇਸ ਵਿਸ਼ਵਵਿਦਿਆਲੇ ਵਿਚ ਪੀ. ਐੱਚ. ਡੀ. ਲਈ ਰਜਿਸਟ੍ਰੇਸ਼ਨ ਨਾ ਹੋ ਸਕੀ। ਫਿਰ ਮੈਂ ਪੀ.ਐੱਚ.ਡੀ. ਪੰਜਾਬ ਵਿਸ਼ਵ ਵਿਦਿਆਲੇ ਤੋਂ ਡਾ. ਕੇਸਰ ਸਿੰਘ ਕੇਸਰ ਦੀ ਅਗਵਾਈ ਵਿਚ ਮੁਕੰਮਲ ਕੀਤੀ।

• ਤੁਸੀਂ ਕਿਹੜੀਆਂ ਪੁਸਤਕਾਂ ਅਤੇ ਲੇਖਕਾਂ ਤੋਂ ਪ੍ਰਭਾਵਤ ਹੋਏ?

ਮੈਂ ਲਗਪਗ ਸਾਰਾ ਹੀ ਮਾਰਕਸਵਾਦੀ ਸਾਹਿਤ ਅਤੇ ਲੈਨਿਨ ਨੂੰ ਪੜ੍ਹਿਆ। ਮੈਕਸਿਮ ਗੋਰਕੀ, ਟਾਲਸਟਾਏ ਅਤੇ ਸ਼ੋਲੋਖੋਵ ਆਦਿ ਨੂੰ ਪੜ੍ਹਿਆ। ਪੰਜਾਬੀ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ ਅਤੇ ਜਸਵੰਤ ਸਿੰਘ ਕੰਵਲ ਹੋਰਾਂ ਨੂੰ ਨਿੱਠ ਕੇ ਪੜ੍ਹਿਆ। ਨਾਲ ਹੀ ਮਾਰਕਸਵਾਦੀ ਆਲੋਚਨਾ ਵਾਲੀਆਂ ਪੁਸਤਕਾਂ ਵੀ ਪੜ੍ਹੀਆਂ।

• ਤੁਹਾਡਾ ਪੰਜਾਬੀ ਫੋਕ ਲੋਰ ਵੱਲ ਰੁਝਾਨ ਕਦੋਂ ਤੇ ਕਿਵੇਂ ਹੋਇਆ?

1979 ਦੀ ਗੱਲ ਹੈ। ਸਾਡੇ ਘਰ ਵਿਚ ਮੇਰਾ ਵਿਆਹ ਰੱਖਿਆ ਸੀ। ਮੈਂ ਆਪਣੀ ਮੂੰਹ ਬੋਲੀ ਭੈਣ ਨੂੰ ਲੈਣ ਲਈ ਸ੍ਰੀ ਗੰਗਾਨਗਰ ਗਿਆ। ਉੱਥੋਂ ਪਰਤਦਿਆਂ ਦੇਰੀ ਹੋ ਗਈ। ਰਾਤ 9 ਵਜੇ ਦੇ ਕਰੀਬ ਮੈਂ ਦਸੂਹਾ ਪੁੱਜਾ। ਉੱਥੋਂ ਪੈਦਲ ਬਲੱਗੜਾਂ ਤਕ, ਫਿਰ ਸਾਈਕਲ 'ਤੇ ਆਪਣੇ ਪਿੰਡ ਪੁੱਜਿਆ। ਘਰ ਰਾਤ ਦਾ ਗਾਉਣ ਖ਼ਤਮ ਹੋ ਗਿਆ ਸੀ। ਪਿਤਾ ਜੀ ਨੇ ਦੇਰ ਰਾਤ ਗਿਆਂ ਗਾਉਣ ਵਾਲੀਆਂ ਸਾਰੀਆਂ ਔਰਤਾਂ ਨੂੰ ਫਿਰ ਘਰ ਬੁਲਾਇਆ ਤੇ ਗਾਉਣ ਬਿਠਾਇਆ। ਮੇਰੇ ਆਉਣ 'ਤੇ ਜਦੋਂ ਉਨ੍ਹਾਂ ਨੇ 'ਵੀਰਾ ਕਿੱਥੇ ਗੁਜ਼ਾਰੀ ਸਾਰੀ ਰਾਤ ਭੈਣਾਂ ਨੂੰ ਫ਼ਿਕਰ ਪਿਆ' ਗਾਇਆ ਤਾਂ ਮੈਨੂੰ ਪਹਿਲੀ ਵਾਰੀ ਇਸ ਗੱਲ ਦਾ ਅਹਿਸਾਸ ਹੋਇਆ ਕਿ ਲੋਕ ਗੀਤ ਸਥਿਤੀਆਂ ਮੁਤਾਬਕ ਵੀ ਜੁੜੇ ਹਨ। ਇਸ ਮਗਰੋਂ ਮੈਂ ਟੇਪ ਲੈ ਕੇ 1979 ਤੋਂ 1984 ਤਕ ਤਲਵਾੜਾ, ਮੋਹਰੀਚੱਕ, ਹਾਜੀਪੁਰ, ਮੁਕੇਰੀਆਂ, ਮੰਡਾਂ ਪੰਧੇਰਾਂ, ਦਸੂਆ, ਮਾਹਿਲਪੁਰ, ਭੋਗਪੁਰ, ਆਦਮਪੁਰ ਤੋਂ ਲੈ ਕੇ ਰੋਪੜ ਤਕ ਘੁੰਮ ਕੇ ਦੁਆਬੇ ਦੇ ਲੋਕ ਗੀਤ ਇਕੱਠੇ ਕੀਤੇ। ਇਹ ਸੰਗ੍ਰਹਿ ਫਿਰ ਚਾਰ ਭਾਗਾਂ ਵਿਚ, ਦੇਸ਼ ਦੁਆਬਾ, ਧਰਤ ਦੁਆਬੇ ਦੀ, ਮਿੱਟੀ ਦੀ ਮਹਿਕ ਅਤੇ ਕੁੰਜਾਂ ਪਰਦੇਸਣਾਂ ਦੇ ਰੂਪ ਵਿਚ ਛਪੇ ਹਨ। ਇਸ ਤੋਂ ਬਾਅਦ ਮੈਂ ਹਰਿਆਣਾ ਦੇ ਪੰਜਾਬੀ ਲੋਕ ਗੀਤਾਂ ਦਾ ਸੰਗ੍ਰਹਿ ਵੀ ਤਿਆਰ ਕੀਤਾ ਹੈ। ਜੋ ਇਸੇ ਸਾਲ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਰਿਲੀਜ਼ ਕੀਤਾ ਗਿਆ ਹੈ। ਕੰਢੀ ਦੇ ਲੋਕ ਗੀਤ ਛਪਣ ਅਧੀਨ ਹੈ।

ਰੂਬਰੂ

• ਇਹ ਲੋਕ ਗੀਤ ਸਿਰਫ਼ ਪ੍ਰਿੰਟ ਫਾਰਮ ਵਿਚ ਹੀ ਹਨ ਜਾਂ ਇਨ੍ਹਾਂ ਨੂੰ ਸੁਰਤਾਲ ਮੁਤਾਬਕ ਰਿਕਾਰਡ ਵੀ ਕੀਤਾ ਗਿਆ ਹੈ।

ਬਿਲਕੁਲ ਰਿਕਾਰਡਡ ਹਨ। ਉਦੋਂ ਕੈਸਟਾਂ ਹੁੰਦੀਆਂ ਸਨ। ਫਿਰ ਮੈਂ ਉਨ੍ਹਾਂ ਨੂੰ ਸੀਡੀ ਵਿਚ ਪੁਆ ਲਿਆ। ਤਾਂ ਜੋ ਵਧੀਆ ਢੰਗ ਨਾਲ ਸਾਂਭੇ ਜਾ ਸਕਣ। 50 ਤੋਂ 60 ਘੰਟੇ ਦੀ ਰਿਕਾਰਡਿੰਗ ਸਾਂਭੀ ਹੋਈ ਹੈ। ਇਸ ਵਿਚ ਇਕੱਲੇ ਗੀਤ ਹੀ ਨਹੀਂ ਹਨ ਸਗੋਂ ਉਨ੍ਹਾਂ ਗੀਤਾਂ ਨਾਲ ਸਬੰਧਤ ਰਸਮਾਂ ਵੀ ਰਿਕਾਰਡ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਅਜਿਹੇ ਲੋਕ ਗੀਤ ਵੀ ਹਨ ਜਿਹੜੇ ਪਹਿਲੀ ਬਾਰ ਰਿਕਾਰਡ ਕੀਤੇ ਗਏ। ਉਹ ਪਹਿਲੋਂ ਕਿਧਰੇ ਵੀ ਰਿਕਾਰਡਡ ਜਾਂ ਲਿਖਤੀ ਰੂਪ ਵਿਚ ਨਹੀਂ ਮਿਲਦੇ। ਔਰਤਾਂ ਦਾ ਮਿਰਜ਼ਾ, ਪੌਤੀ ਅੱਖਰੀ, ਦੂਜੀ ਆਲਮੀ ਜੰਗ ਨਾਲ ਜੁੜੇ ਗੀਤ, ਕੰਢੀ, ਸਵੇਰੇ-ਸ਼ਾਮ ਵੇਲੇ ਗਾਏ ਜਾਣ ਵਾਲੇ ਅਲੱਗ-ਅਲੱਗ ਲੋਕ ਗੀਤ ਮਿਲੇ ਜਿਹੜੇ ਸਿਰਫ਼ ਦੁਆਬੇ ਵਿਚ ਹੀ ਗਾਏ ਜਾਂਦੇ ਹਨ।

• ਲੋਕਧਾਰਾ ਨਾਲ ਜੁੜਣ ਮਗਰੋਂ ਕਿਹੜੇ-ਕਿਹੜੇ ਲੇਖਕ/ਸਾਹਿਤਕਾਰ ਤੁਹਾਡੇ ਪ੍ਰੇਰਣਾ ਸਰੋਤ ਅਤੇ ਮਾਰਗ ਦਰਸ਼ਕ ਬਣੇ?

ਮੈਂ ਦੇਵਿੰਦਰ ਸਤਿਆਰਥੀ, ਵਣਜਾਰਾ ਬੇਦੀ, ਐੱਮ.ਐੱਸ. ਰੰਧਾਵਾ ਅਤੇ ਡਾ. ਨਾਹਰ ਸਿੰਘ ਦੀਆਂ ਪੁਸਤਕਾਂ ਪੜ੍ਹੀਆਂ ਅਤੇ ਲੋਕ ਧਾਰਾ ਦੀਆਂ ਬਰੀਕੀਆਂ ਨੂੰ ਸਮਝਣ ਦਾ ਮੌਕਾ ਮਿਲਿਆ ਅਤੇ ਇਸ ਕਾਰਜ ਵਿਚ ਦਿਸ਼ਾ ਨਿਰਦੇਸ਼ਨ ਵੀ ਪ੍ਰਾਪਤ ਹੋਇਆ।

• ਵਧੇਰੇ ਲੋਕ ਗੀਤ ਤਾਂ ਦੇਵੀ-ਦੇਵਤਿਆਂ, ਪੀਰਾਂ ਆਦਿ ਨਾਲ ਜੁੜੇ ਹੁੰਦੇ ਹਨ। ਤੁਸੀਂ ਇਸ ਸਭ ਨੂੰ ਮਾਰਕਸੀ ਦ੍ਰਿਸ਼ਟੀਕੋਣ ਤੋਂ ਕਿਵੇਂ ਸਮਝਦੇ ਹੋ।

ਇਹ ਲੋਕ ਗੀਤ ਉਨ੍ਹਾਂ ਦੀਆਂ ਲੋੜਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚ ਉਨ੍ਹਾਂ ਦੇ ਸੁਪਨੇ ਤੇ ਕਲਪਨਾਵਾਂ ਉਡਾਰੀ ਮਾਰਦੀਆਂ ਹਨ। ਇਹ ਲੋਕ ਗੀਤ ਉਨ੍ਹਾਂ ਵਿਚ ਆਸ਼ਾਵਾਦ ਦਾ ਸੰਚਾਰ ਕਰਦੇ ਹਨ। ਉਨ੍ਹਾਂ ਨੂੰ ਮਾਨਸਿਕ ਸੰਤੁਸ਼ਟੀ ਦਿੰਦੇ ਹਨ। ਇਹ ਗੱਲ ਵੀ ਕਾਬਲੇ ਗੌਰ ਹੈ ਕਿ ਸਾਰੇ ਹੀ ਸੰਸਾਰ ਵਿਚ ਕਬੀਲਿਆਂ ਤੋਂ ਅਜੋਕੇ ਸਮਾਜ ਦਾ ਵਿਕਾਸ ਲਗਪਗ ਇੱਕੋ ਢੰਗ ਅਤੇ ਇੱਕੋ ਜਿਹੇ ਹਾਲਾਤ ਵਿਚ ਹੋਇਆ ਹੈ। ਥੋੜ੍ਹਾ ਬਹੁਤ ਸਮੇਂ ਦਾ ਅੱਗਾ ਪਿੱਛਾ ਅਤੇ ਬੋਲੀ ਦੀ ਭਿੰਨਤਾ ਦੀ ਗੱਲ ਹੋ ਸਕਦੀ ਹੈ। ਇਸ ਲਈ ਇਨ੍ਹਾਂ ਸਾਰਿਆਂ 'ਤੇ ਮਾਰਕਸਵਾਦੀ ਥਿਊਰੀ ਇੱਕੋ ਢੰਗ ਨਾਲ ਠੀਕ ਬੈਠਦੀ ਹੈ। ਲੋਕ ਗੀਤਾਂ ਦਾ ਜਨਮ ਅਤੇ ਵਿਕਾਸ ਵੀ ਲਗਪਗ ਇੱਕੋ ਢੰਗ ਨਾਲ ਹੋਇਆ ਹੈ। ਧਾਰਮਿਕ ਲੋਕ ਗੀਤਾਂ ਵਿਚ ਲੋਕ ਦੁਨਿਆਵੀ ਸੁੱਖ ਸਹੂਲਤਾਂ, ਪਰਿਵਾਰ ਦਾ ਵਾਧਾ ਅਤੇ ਲੋੜੀਂਦੇ ਪਦਾਰਥਾਂ ਦੀ ਮੰਗ ਕਰਦੇ ਹਨ।

• ਕੀ ਫੋਕਲੋਰ ਯਾਨੀ ਲੋਕਧਾਰਾ ਤੇ ਲੋਕ ਸੱਭਿਆਚਾਰ ਇੱਕੋ ਚੀਜ਼ ਹਨ? ਜੇ ਨਹੀਂ ਤਾਂ ਇਨ੍ਹਾਂ ਵਿਚ ਕੀ ਫ਼ਰਕ ਹੈ?

ਫੋਕਲੋਰ ਯਾਨੀ ਲੋਕਧਾਰਾ ਮੌਖਿਕ ਰੂਪ ਵਿਚ ਵਗਦੀ ਹੈ ਪਰ ਸੱਭਿਆਚਾਰ ਲਿਖਤੀ ਰੂਪ ਵਿਚ ਜਾਂ ਪਦਾਰਥਕ ਰੂਪ ਵਿਚ ਮਿਲਦਾ ਹੈ। ਭਾਵ ਲੋਕਧਾਰਾ ਸੱਭਿਆਚਾਰ ਦਾ ਮੌਖਿਕ ਰੂਪ ਹੈ। ਲੋਕ ਗੀਤ ਸਾਡੇ ਲੋਕ ਸੱਭਿਆਚਾਰ ਦਾ ਹਿੱਸਾ ਹਨ। ਫੋਕਲੋਰ ਪੀੜ੍ਹੀ ਦਰ ਪੀੜ੍ਹੀ ਅੱਗੇ ਵੱਧਦਾ ਹੈ। ਲੋਕ ਗੀਤਾਂ ਵਿਚ ਸਾਰੇ ਵਰਗਾਂ ਦਾ ਦ੍ਰਿਸ਼ਟੀਕੋਣ ਹੁੰਦਾ ਹੈ। ਵਧੇਰੇ ਲੋਕ ਗੀਤ ਔਰਤਾਂ ਵੱਲੋਂ ਔਰਤਾਂ ਲਈ ਸਿਰਜੇ ਗਏ ਹਨ।

• ਅਜੋਕੇ ਸਮਾਜਿਕ ਤੇ ਰਾਜਨੀਤਕ ਪਰੀਦ੍ਰਿਸ਼ ਵਿਚ ਸਾਹਿਤ ਦੀ ਕੀ ਭੂਮਿਕਾ ਹੈ।

ਸਾਹਿਤ ਲੋਕਾਂ ਵਿਚ ਮਾਨਵਵਾਦੀ ਦ੍ਰਿਸ਼ਟੀਕੋਣ ਅਤੇ ਭਾਵਨਾ ਪੈਦਾ ਕਰ ਰਿਹਾ ਹੈ। ਜਿਸ ਵਿਚ ਫਿਰਕਾਪ੍ਰਸਤੀ ਨਾ ਹੋਵੇ। ਜਾਤ ਪਾਤ ਨਾ ਹੋਵੇ। ਧਰਮਅੰਧਤਾ ਤੋਂ ਉੱਪਰ ਉੱਠ ਕੇ ਮਨੁੱਖੀ ਲੋੜਾਂ ਥੋੜ੍ਹਾਂ ਨੂੰ ਸਾਹਿਤ ਵਿਚ ਬਿਆਨ ਕੀਤਾ ਜਾ ਰਿਹਾ ਹੈ। ਜਿਸ ਨਾਲ ਲੋਕੀਂ ਜਾਗਰੂਕ ਹੋ ਰਹੇ ਹਨ।

• ਪੰਜਾਬੀ ਸੂਬਾ ਬਣਨ ਦੇ 60 ਸਾਲ ਬਾਅਦ ਵੀ ਪੰਜਾਬੀ ਸਮਰਥਕਾਂ ਵਲੋਂ ਪੰਜਾਬੀ ਨੂੰ ਉਸ ਦਾ ਬਣਦਾ ਸਥਾਨ ਨਹੀਂ ਮਿਲਿਆ। ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਹੋਰ ਪੰਜਾਬੀ ਸਮਰਥਕ ਸੰਸਥਾਵਾਂ ਵਲੋਂ ਪੰਜਾਬੀ ਲਾਗੂ ਕਰਾਉਣ ਲਈ ਧਰਨੇ, ਮੁਜ਼ਾਹਰੇ, ਰੈਲੀਆਂ ਅਤੇ ਸੈਮੀਨਾਰ ਕਰਨ ਦੇ ਬਾਵਜੂਦ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਕਿਉਂ ?

ਜਿਹੜੀ ਇਲੀਟ ਕਲਾਸ ਹੈ ਉਹ ਸਾਡੇ ਸਮਾਜ ਨੂੰ ਡਾਮੀਨੇਟ ਕਰਦੀ ਹੈ। ਮਿਡਲ ਕਲਾਸ ਦਾ ਵਧੇਰੇ ਝੁਕਾਅ ਅੰਗਰੇਜ਼ੀ ਵੱਲ ਹੈ। ਅੰਗਰ

ਕੇਂਦਰੀ ਜੇਲ੍ਹ 'ਚ ਸਜਾ ਕੱਟ ਰਹੇ ਕੈਦੀ ਕੋਲੋਂ ਮਿਲਿਆ ਨਸ਼ਾ, ਪੈਸਕੋ ਕਰਮਚਾਰੀ ਦੀ ਵੀ ਹੋਈ ਗ੍ਰਿਫ਼ਤਾਰੀ

ਏਜੰਸੀਆਂ

ਤਰਨਤਾਰਨ 1 ਅਗਸਤ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਆਏ ਦਿਨ ਨਸ਼ੀਲੇ ਪਦਾਰਥ, ਮੋਬਾਈਲ ਫੋਨ ਆਦਿ ਸਾਮਾਨ ਬਰਾਮਦ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜੋ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਇਸ ਦੀ ਇਕ ਹੋਰ

ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਕੇਂਦਰੀ ਜੇਲ ਅੰਦਰੋਂ ਦੋ ਕੀਪੈਡ ਮੋਬਾਈਲ ਫੋਨ, 55 ਗ੍ਰਾਮ ਚਰਸ ਅਤੇ 14 ਗ੍ਰਾਮ ਖੁੱਲ੍ਹਾ ਤੰਬਾਕੂ ਬਰਾਮਦ ਕੀਤਾ ਗਿਆ। ਇਸ ਸਬੰਧੀ ਕੇਂਦਰੀ ਜੇਲ੍ਹ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਵੱਲੋਂ ਪੈਸਕੋ ਕਰਮਚਾਰੀ ਨੂੰ ਗ੍ਰਿਫਤਾਰ ਕਰਦੇ ਹੋਏ ਦੋ ਹੋਰ ਵਿਅਕਤੀਆਂ ਨੂੰ ਨਾਮਜ਼ਦ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦੇ ਅਨੁਸਾਰ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਸੁਸ਼ੀਲ ਕੁਮਾਰ ਵੱਲੋਂ ਜੇਲ੍ਹ ਦੇ ਪੈਸਕੋ ਕਰਮਚਾਰੀਆਂ ਅਤੇ ਜੇਲ੍ਹ ਕਰਮਚਾਰੀਆਂ ਨੂੰ ਕੈਦੀ ਸਤਨਾਮ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਗੋਸਲ ਜ਼ਿਲ੍ਹਾ ਕਪੂਰਥਲਾ ਜੋ ਜੇਲ੍ਹ ਵਿਚ ਐੱਨ.ਡੀ.ਪੀ.ਐੱਸ ਐਕਟ ਤਹਿਤ 10 ਸਾਲ ਦੀ ਸਜ਼ਾ ਕੱਟ ਰਿਹਾ ਹੈ ਦੀ ਤਲਾਸ਼ੀ ਲੈਣ ਦੌਰਾਨ ਨਸ਼ੀਲਾ ਪਦਾਰਥ ਬਰਾਮਦ ਹੋਇਆ। ਇਸ ਦੌਰਾਨ ਤੁਰੰਤ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਦੇ ਥਾਣਾ ਮੁਖੀ ਨੂੰ ਸੂਚਿਤ ਕੀਤਾ ਗਿਆ, ਜਿਨ੍ਹਾਂ ਦੀ ਹਾਜ਼ਰੀ ਵਿਚ ਬਰਾਮਦ ਕੀਤਾ ਗਿਆ ਲਿਫਾਫਾ ਖੋਲ੍ਹਣ ਦੌਰਾਨ ਉਸ ਵਿਚੋਂ 55 ਗ੍ਰਾਮ ਚਰਸ ਨੁਮਾ, 14 ਗ੍ਰਾਮ ਤੰਬਾਕੂ ਵਰਗੀ ਵਸਤੂ ਬਰਾਮਦ ਕੀਤੀ ਗਈ। ਇਸ ਤੋਂ ਬਾਅਦ ਕੈਦੀ ਸਤਨਾਮ ਸਿੰਘ ਪਾਸੋਂ ਕੀਤੀ ਗਈ ਪੁੱਛਗਿੱਛ ਵਿਚ ਇਹ ਗੱਲ ਸਾਹਮਣੇ ਆਈ ਕਿ ਬਰਾਮਦ ਕੀਤਾ ਗਿਆ ਨਸ਼ੀਲਾ ਪਦਾਰਥ ਪੈਸਕੋ ਕਰਮਚਾਰੀ ਜਸਪਾਲ ਸਿੰਘ, ਸੁਖਦੇਵ ਸਿੰਘ ਵਾਸੀ ਜਗਤਪੁਰ ਜ਼ਿਲ੍ਹਾ ਤਰਨਤਾਰਨ ਵੱਲੋਂ ਮੁਹੱਈਆ ਕਰਵਾਇਆ ਗਿਆ ਹੈ। ਇਸ ਸਬੰਧੀ ਪੈਸਕੋ ਕਰਮਚਾਰੀ ਜਸਪਾਲ ਸਿੰਘ ਨੇ ਪੁੱਛਗਿਛ ਵਿਚ ਮੰਨਿਆ ਕਿ ਸਤਨਾਮ ਸਿੰਘ ਨਾਲ ਜੇਲ੍ਹ ਅੰਦਰੋਂ ਫੋਨ ਨਾਲ ਹੋਈ ਗੱਲਬਾਤ ਦੌਰਾਨ ਭੇਜਿਆ ਗਿਆ ਸੀ ਅਤੇ ਇਹ ਮੋਬਾਈਲ ਫੋਨ ਵਿਕਾਸ ਕਲਿਆਣ ਪੁੱਤਰ ਵਿਨੋਦ ਕੁਮਾਰ ਵਾਸੀ ਨਿਊ ਸੰਤ ਨਗਰ ਜਲੰਧਰ ਦਾ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਚਰਨਜੀਤ ਸਿੰਘ ਨੇ ਦੱਸਿਆ ਕਿ ਪੈਸਕੋ ਕਰਮਚਾਰੀ ਜਸਪਾਲ ਸਿੰਘ ਨੂੰ ਗ੍ਰਿਫਤਾਰ ਕਰਦੇ ਹੋਏ ਉਕਤ ਦੋਵਾਂ ਕੈਦੀਆਂ ਨੂੰ ਮਾਮਲੇ ਵਿਚ ਨਾਮਜ਼ਦ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਹਲਕਾ ਲੁਧਿਆਣਾ ਉੱਤਰੀ ਦੇ ਵਿਕਾਸ ਸਬੰਧੀ ਵਿਧਾਇਕ ਬੱਗਾ ਵਲੋਂ ਅਧਿਕਾਰੀਆ ਨਾਲ ਬੈਠਕ

ਸਰਦੂਲ ਸਿੰਘ

ਲੁਧਿਆਣਾ 1 ਅਗਸਤ। ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਹਲਕਾ ਲੁਧਿਆਣਾ ਉੱਤਰੀ ਦੇ ਵਿਕਾਸ ਸਬੰਧੀ ਵਿਧਾਇਕ ਮਦਨ ਲਾਲ ਬੱਗਾ ਵਲੋਂ ਡਿਪਟੀ ਕਮਿਸਨਰ ਅਤੇ ਨਗਰ ਨਿਗਮ ਕਮਿਸਨਰ ਨਾਲ ਦਫ਼ਤਰ ਡਿਪਟੀ ਕਮਿਸ਼ਨਰ ਲੁਧਿਆਣਾ ਵਿਖੇ ਵਿਸੇਸ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ, ਵਿਧਾਨ ਸਭਾ ਹਲਕਾ ਉੱਤਰੀ ਤੋਂ ਵਿਧਾਇਕ ਮਦਨ ਲਾਲ ਬੱਗਾ, ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਤੋਂ ਇਲਾਵਾ ਉਦਯੋਗਪਤੀ ਵੀ ਮੌਜੂਦ ਸਨ। ਵਿਧਾਇਕ ਬੱਗਾ ਨੇ ਲੁਧਿਆਣਵੀਆਂ ਲਈ ਪੀਣ ਵਾਲੇ ਨਹਿਰੀ ਪਾਣੀ ਪ੍ਰੋਜੈਕਟ ਨੂੰ ਜਲਦ ਅਮਲੀ ਜਾਮਾ ਪਹਿਨਾਉਣ 'ਤੇ ਜੋਰ ਦਿੰਦਿਆਂ, ਦੁਹਰਾਇਆ ਕਿ ਲੁਧਿਆਣਾ ਪੰਜਾਬ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਅਤੇ ਉੱਤਰੀ ਭਾਰਤ ਦਾ ਉਦਯੋਗਿਕ ਕੇਂਦਰ ਹੈ। ਉਨ੍ਹਾਂ ਦੱਸਿਆ ਕਿ ਆਗਾਮੀ ਜਲ ਸੰਕਟ ਨਾਲ ਨਜਿੱਠਣ ਲਈ ਸੂਬਾ ਸਰਕਾਰ ਸਤਹੀ ਪਾਣੀ ਦੇ ਆਧਾਰ 'ਤੇ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਨੂੰ ਮੁੱਖ ਤਰਜੀਹ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਹਲਕਾ ਉੱਤਰੀ ਅਧੀਨ ਪੈਂਦੇ ਬੁੱਢਾ ਦਰਿਆ ਦੇ ਕੰਢਿਆਂ 'ਤੇ ਬੂਟੇ ਲਗਾਉਣ ਅਤੇ ਸਾਫ ਸਫਾਈ ਸਬੰਧੀ

ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ ਤਾਂ ਜੋ ਬਰਸਾਤੀ ਮੌਸਮ ਦੌਰਾਨ ਇਲਾਕਾ ਨਿਵਾਸੀਆਂ ਨੂੰ ਪਾਣੀ ਦੀ ਨਿਕਾਸੀ ਸਬੰਧੀ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਉਦਯੋਗ ਨੂੰ ਉਤਸਾਹਿਤ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਉਦਯੋਗਪਤੀਆਂ ਵੱਲੋਂ ਆਪਣੇ ਇਰਧ-ਗਿਰਧ ਹਵਾ ਪ੍ਰਦੂਸ਼ਣ ਦੀ ਰੋਕਥਾਮ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਉਦਯੋਗਪਤੀਆਂ ਵੱਲੋਂ ਮੀਟਿੰਗ ਦੌਰਾਨ ਉਦਯੋਗ ਨਾਲ ਸਬੰਧਤ ਦਰਪੇਸ਼ ਮੁਸ਼ਕਿਲਾਂ ਤੋਂ ਜਾਣੂੰ ਕਰਵਾਉਂਦਿਆਂ ਦੱਸਿਆ ਗਿਆ ਕਿ ਉਨ੍ਹਾਂ ਦੇ ਇਲਾਕੇ ਵਿੱਚ ਪੁਲਿਸ ਵਿਭਾਗ ਦੇ ਪੀ.ਸੀ.ਆਰ. ਦਸਤਿਆਂ ਦੀ ਗਸ਼ਤ ਵਧਾਈ ਜਾਵੇ ਅਤੇ ਗਲੀਆਂ ਵਿੱਚ ਰੋਸ਼ਨੀ ਦਾ ਢੁੱਕਵਾਂ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਉਦਯੋਗਿਕ ਇਕਾਈਆਂ ਦਿਨ-ਰਾਤ ਦੀਆਂ ਸਿਫ਼ਟਾਂ ਵਿੱਚ ਕੰਮ ਕਰਦੀਆਂ ਹਨ ਅਤੇ ਅਕਸਰ ਰਾਤ ਦੀ ਡਿਊਟੀ ਵੇਲੇ ਘਰ ਨੂੰ ਮੁੜਦੇ ਕਿਰਤੀਆਂ ਨਾਲ ਲੁੱਟ-ਖੋਹ ਦੀਆਂ ਵਾਰਦਾਤਾਂ ਹੋ ਜਾਂਦੀਆਂ ਹਨ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਜ਼ਿਲ੍ਹਾ ਪ੍ਰਸ਼ਾਸ਼ਨ ਉਦਯੋਗ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ ਲਈ ਵਚਨਬੱਧ ਹੈ ਜਿਸਦੇ ਤਹਿਤ ਨਵੇਂ ਕੁਨੈਕਸ਼ਨ, ਐਨ.ਓ.ਸੀ., ਲੋਡ ਵਧਾਉਣ ਆਦਿ ਸੇਵਾਵਾਂ ਲਈ 'ਸਰਕਾਰ ਤੁਹਾਡੇ ਦੁਆਰ' ਪਹਿਲਕਦਮੀ ਤਹਿਤ ਜ਼ਿਲ੍ਹੇ ਭਰ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।

ਧਰਤੀ ਹੇਠਲੇ ਪਾਣੀ ਦੇ ਪ੍ਰਬੰਧਨ ਲਈ ਅਟਲ ਭੂਜਲ ਯੋਜਨਾ 'ਚ ਪੰਜਾਬ ਨੂੰ ਸਾਮਲ ਕੀਤਾ ਜਾਵੇ: ਵਿਕਰਮ ਸਾਹਨੀ

ਚੰਡੀਗੜ੍ਹ 1 ਅਗਸਤ। ਡਾ: ਵਿਕਰਮਜੀਤ ਸਾਹਨੀ, ਸਾਂਸਦ ਰਾਜ ਸਭਾ ਨੇ ਅੱਜ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਟਿਕਾਊ ਪ੍ਰਬੰਧਨ ਲਈ ਪੰਜਾਬ ਨੂੰ ਤੁਰੰਤ ਅਟਲ ਭੂਜਲ ਯੋਜਨਾ ਵਿੱਚ ਸਾਮਲ ਕੀਤਾ ਜਾਣਾ ਚਾਹੀਦਾ ਹੈ। ਡਾ: ਸਾਹਨੀ ਨੇ ਕਿਹਾ ਕਿ ਪੰਜਾਬ ਕੇਂਦਰੀ ਪੂਲ ਵਿੱਚ 47% ਕਣਕ ਅਤੇ 21% ਚੌਲਾਂ ਦਾ ਯੋਗਦਾਨ ਪਾਉਂਦਾ ਹੈ। ਇਸ ਲਈ ਇਹ ਦੇਸ ਦੀ ਖ਼ੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਮੀਨ ਵਿੱਚੋਂ ਵਾਧੂ ਪਾਣੀ ਕੱਢ ਰਿਹਾ ਹੈ ਅਤੇ ਇਸ ਪ੍ਰਕਿਰਿਆ ਵਿੱਚ ਪੰਜਾਬ ਧਰਤੀ ਹੇਠਲੇ ਪਾਣੀ ਦੀ ਕਮੀ ਅਤੇ ਗਿਰਾਵਟ ਦਾ ਸਾਹਮਣਾ ਕਰ ਰਿਹਾ ਹੈ। ਜਲ ਸਕਤੀ ਮੰਤਰੀ ਨੇ ਸਦਨ ਨੂੰ ਦੱਸਿਆ

ਕਿ ਪੰਜਾਬ ਨੇ ਅਟਲ ਭੂਜਲ ਯੋਜਨਾ ਦੇ ਮਾਪਦੰਡ ਪੂਰੇ ਨਹੀਂ ਕੀਤੇ ਹਨ ਅਤੇ ਰਾਜ ਸਰਕਾਰ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ। ਡਾ: ਸਾਹਨੀ ਨੇ ਇਸ ਗੱਲ ਦਾ ਖੰਡਨ ਕੀਤਾ ਅਤੇ ਸਦਨ ਦੇ ਫਲੋਰ 'ਤੇ ਗਰੰਟੀ ਦਿੱਤੀ ਕਿ ਪੰਜਾਬ ਨੇ ਯੋਜਨਾ ਦੇ ਸਾਰੇ ਮਾਪਦੰਡਾਂ ਦੀ ਪਾਲਣਾ ਕੀਤੀ ਹੈ ਅਤੇ ਇੱਥੋਂ ਤੱਕ ਕਿ ਸਿੰਚਾਈ ਪਾੜੇ ਨੂੰ ਪੂਰਾ ਕਰਨ ਲਈ ਪ੍ਰੋਤਸਾਹਨ ਯੋਜਨਾ () ਕੇਂਦਰ ਸਰਕਾਰ ਦੁਆਰਾ ਸ਼ੁਰੂ ਕਰਨ ਲਈ ਲੰਬਿਤ ਹੈ ਜੋ ਪੰਜਾਬ ਨੂੰ ਹੱਲ ਕਰੇਗੀ। ਡਾ: ਸਾਹਨੀ ਨੇ ਅੱਗੇ ਕਿਹਾ ਕਿ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਵਰਤੋਂ 164% ਹੈ ਅਤੇ 2039 ਤੱਕ ਇਸ ਦਾ ਪੱਧਰ 1000 ਫੁੱਟ ਤੋਂ ਹੇਠਾਂ ਜਾ ਸਕਦਾ ਹੈ। ਉਨ੍ਹਾਂ ਨੇ ਜਮੀਨੀ ਪਾਣੀ ਨੂੰ ਨਕਲੀ ਤੌਰ 'ਤੇ ਰੀਚਾਰਜ ਕਰਨ ਲਈ ਮਾਸਟਰ ਪਲਾਨ 2020 ਨੂੰ ਲਾਗੂ ਕਰਨ ਵਿੱਚ ਹੋ ਰਹੀ ਦੇਰੀ 'ਤੇ ਵੀ ਚਿੰਤਾ ਜਾਹਰ ਕੀਤੀ ਜਿਸ ਵਿੱਚ 11 ਲੱਖ ਮੀਂਹ ਦੇ ਪਾਣੀ ਦੀ ਸੰਭਾਲ ਦੀ ਕਲਪਨਾ ਕੀਤੀ ਗਈ ਹੈ।

ਸਬਜੀ ਲੈ ਕੇ ਘਰ ਜਾ ਰਹੇ ਪ੍ਰਵਾਸੀ ਮਜਦੂਰਾਂ ਨੂੰ ਲੁਟੇਰਿਆਂ ਨੇ ਬਣਾਇਆ ਨਿਸ਼ਾਨਾ

ਜਲੰਧਰ 1 ਅਗਸਤ। ਸ਼ਹਿਰ 'ਚ ਲੁਟੇਰਿਆਂ ਦਾ ਖੌਫ ਲਗਾਤਾਰ ਵਧਦਾ ਜਾ ਰਿਹਾ ਹੈ। ਥਾਣਾ ਮਕਸੂਦਾਂ ਅਧੀਨ ਪੈਂਦੇ ਪਿੰਡ ਰਾਓਵਾਲੀ ਤੋਂ ਲੁੱਟ ਦੀ ਵਾਰਦਾਤ ਹੋਣ ਦੀ ਸੂਚਨਾ ਪ੍ਰਾਪਤ ਹੋਈ ਹੈ। ਉੱਥੇ ਸਥਿਤ ਕਬੂਲਪੁਰ ਫੈਕਟਰੀ 'ਚੋਂ ਛੁੱਟੀ ਹੋਣ ਤੋਂ ਬਾਅਦ 3 ਮਜਦੂਰ ਜਦੋਂ ਪਿੰਡ ਰਾਓਵਾਲੀ 'ਚ ਰਾਤ 9.30 ਦੇ ਕਰੀਬ ਜਦੋਂ ਹਾਈਵੇ ਤੋਂ ਸਬਜੀ ਲੈ ਕੇ ਆਪਣੇ ਕਮਰੇ 'ਚ ਵਾਪਸ ਆ ਰਹੇ ਸਨ ਤਾਂ ਉਸ ਸਮੇਂ ਜਦੋਂ ਉਹ ਪਿੰਡ ਰਾਓਵਾਲੀ ਪੁਲੀ ਕੋਲ ਪੁੱਜੇ ਤਾਂ ਮੋਟਰਸਾਈਕਲ ਸਵਾਰ 3 ਲੁਟੇਰਿਆਂ ਨੇ ਉਨ੍ਹਾਂ ਨੂੰ ਤੇਜਧਾਰ ਕਿਰਪਾਨ ਨਾਲ ਹਮਲਾ ਕਰ ਕੇ ਜਖਮੀ ਕਰ ਦਿੱਤਾ ਤੇ ਮੋਬਾਈਲ ਤੇ ਨਕਦੀ ਲੁੱਟ ਲਈ। ਇਸ ਸਬੰਧੀ ਸੂਚਨਾ ਥਾਣਾ ਮਕਸੂਦਾਂ ਦੀ ਪੁਲਸ ਨੂੰ ਦਿੱਤੀ ਗਈ ਤੇ ਮੌਕੇ 'ਤੇ ਏ.ਐੱਸ.ਆਈ. ਜਤਿੰਦਰ ਸਰਮਾ ਪੁਲਸ ਪਾਰਟੀ ਸਮੇਤ ਪੁੱਜੇ। ਜਾਣਕਾਰੀ ਦਿੰਦੇ ਹੋਏ ਮਜਦੂਰਾਂ ਦਾਗਨ ਕੁਮਾਰ ਪੁੱਤਰ ਸਰਵਣ ਰਾਮ, ਗੁੱਡੂ ਪੁੱਤਰ ਸਾਹਿਲ ਕੁਮਾਰ ਤੇ ਮਿਥੁਨ ਸਰਮਾ ਪੁੱਤਰ ਰਾਮ ਚੰਦ ਸਰਮਾ ਨੇ ਦੱਸਿਆ ਕਿ ਉਹ ਸਬਜੀ ਲੈਣ ਲਈ ਹਾਈਵੇਅ ਰਾਓਵਾਲੀ ਕੋਲ ਗਏ। ਸਬਜੀ ਖਰੀਦ ਕੇ ਜਦੋਂ ਉਹ ਆਪਣੇ ਕਮਰੇ 'ਚ ਵਾਪਸ ਆ ਰਹੇ ਸਨ ਤਾਂ ਜਦੋਂ ਉਹ ਪਿੰਡ ਰਾਓਵਾਲੀ ਪੁਲੀ ਨੇੜੇ ਪੁੱਜੇ ਤਾਂ ਹਾਈਵੇ ਤੋਂ ਮੋਟਰਸਾਈਕਲ ਸਵਾਰ 3 ਨੌਜਵਾਨਾਂ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਉਨ੍ਹਾਂ ਨੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਹਮਲੇ 'ਚ ਤਿੰਨੋਂ ਮਜਦੂਰ ਜਖਮੀ ਹੋ ਗਏ ਤੇ ਤਿੰਨਾਂ ਲੁਟੇਰਿਆਂ ਨੇ ਉਨ੍ਹਾਂ ਦੇ 2 ਮੋਬਾਈਲ ਤੇ 3 ਹਜਾਰ ਰੁਪਏ ਦੀ ਨਕਦੀ ਲੁੱਟ ਲਈ ਤੇ ਹਾਈਵੇ ਵੱਲ ਫਰਾਰ ਹੋ ਗਏ। ਇਸ ਸਬੰਧੀ ਮਜਦੂਰਾਂ ਨੇ ਆਪਣੇ ਮਾਲਕ ਨੂੰ ਸੂਚਿਤ ਕੀਤਾ ਅਤੇ ਫੈਕਟਰੀ ਮਾਲਕਾਂ ਨੇ ਮੌਕੇ 'ਤੇ ਪਹੁੰਚ ਕੇ ਥਾਣਾ ਮਕਸੂਦਾਂ ਦੀ ਪੁਲਸ ਨੂੰ ਸੂਚਿਤ ਕੀਤਾ। ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਜਤਿੰਦਰ ਸਰਮਾ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ ਤੇ ਤਿੰਨਾਂ ਮਜਦੂਰਾਂ ਦੇ ਬਿਆਨ ਦਰਜ ਕੀਤੇ।

ਲਾਪਤਾ ਓਮਾਨ ਸਿਪ ਚਾਲਕ ਮੈਂਬਰਾਂ ਦੀ ਸਹਾਇਤਾ ਲਈ ਰਾਜਾ ਵੜਿੰਗ ਅੱਗੇ ਆਏ

ਕਿਸ਼ਨ ਪਾਲ

ਲੁਧਿਆਣਾ 1 ਅਗਸਤ। ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਭਾਰਤ ਦੇ ਵਿਦੇਸ ਮੰਤਰੀ ਡਾ. ਐਸ. ਜੈਸੰਕਰ ਨੂੰ ਪੱਤਰ ਸੌਂਪ ਕੇ ਇਸ ਮਾਮਲੇ ਵਿੱਚ ਫੌਰੀ ਦਖਲ ਦੇਣ ਦੀ ਮੰਗ ਕੀਤੀ ਹੈ। ਪ੍ਰੋਸਟੀਜ ਫਾਲਕਨ ਜਹਾਜ ਦੇ ਲਾਪਤਾ ਚਾਲਕ ਦਲ ਦੇ ਮੈਂਬਰਾਂ ਲਈ ਖੋਜ ਮੁਹਿੰਮ ਇਹ ਅਪੀਲ ਸਾਬਕਾ ਵਿਧਾਇਕ ਸੰਜੇ ਤਲਵਾੜ ਦੀ ਬੇਨਤੀ 'ਤੇ ਕੀਤੀ ਗਈ। ਸੰਜੇ ਤਲਵਾੜ ਵੱਲੋਂ ਇਹ ਮਾਮਲਾ ਪ੍ਰਦੇਸ ਕਾਂਗਰਸ ਪ੍ਰਧਾਨ ਦੇ ਧਿਆਨ ਵਿੱਚ ਲਿਆਂਦਾ ਗਿਆ, ਜਿਨ੍ਹਾਂ ਨੂੰ ਰਜਿੰਦਰ ਸਿੰਘ ਜੀ ਦੀ ਪਤਨੀ ਨੇ ਦਰਪੇਸ ਦੁਖਦਾਈ ਸਥਿਤੀ ਬਾਰੇ ਜਾਣੂ ਕਰਵਾਇਆ। ਉਹਨਾਂ ਦਾ ਪਤੀ, ਮੁੱਖ ਅਫਸਰ ਰਾਜਿੰਦਰ ਸਿੰਘ, ਪ੍ਰੋਸਟੀਜ ਫਾਲਕਨ 'ਤੇ ਸਵਾਰ ਸੀ ਜਦੋਂ ਇਹ 15 ਜੁਲਾਈ ਨੂੰ ਖਰਾਬ ਮੌਸਮ ਕਾਰਨ ਓਮਾਨ ਦੇ ਡੁਕਮ ਬੰਦਰਗਾਹ ਨੇੜੇ ਪਲਟ ਗਈ ਸੀ। ਇੱਕ ਮ੍ਰਿਤਕ ਸਮੇਤ 16 ਮੈਂਬਰਾਂ ਵਿੱਚੋਂ 9 ਨੂੰ ਬਚਾ ਲਿਆ ਗਿਆ ਹੈ, ਜਦੋਂ ਕਿ ਮੁੱਖ ਅਧਿਕਾਰੀ ਰਜਿੰਦਰ ਸਿੰਘ ਸਮੇਤ ਛੇ ਅਜੇ ਵੀ ਲਾਪਤਾ ਹਨ। ਪੱਤਰ ਵਿੱਚ, ਐੱਮ. ਪੀ. ਵੜਿੰਗ ਨੇ ਰਜਿੰਦਰ ਸਿੰਘ ਜੀ ਦੀ ਪਤਨੀ ਅਤੇ ਉਨ੍ਹਾਂ ਦੇ ਪਰਿਵਾਰ 'ਤੇ ਗੰਭੀਰ ਭਾਵਨਾਤਮਕ ਅਤੇ ਮਨੋਵਿਗਿਆਨਕ ਦਬਾਅ

ਨੂੰ ਉਜਾਗਰ ਕੀਤਾ ਹੈ। ਭਾਰਤੀ ਜਲ ਸੈਨਾ ਅਤੇ ਓਮਾਨ ਸਰਕਾਰ ਦੇ ਸੁਰੂਆਤੀ ਯਤਨਾਂ ਦੇ ਬਾਵਜੂਦ, 15 ਜੁਲਾਈ ਤੋਂ ਲਾਪਤਾ ਚਾਲਕ ਦਲ ਦੇ ਮੈਂਬਰਾਂ ਨੂੰ ਛੱਡ ਕੇ, ਖੋਜ ਅਭਿਆਨ ਬੰਦ ਕਰ ਦਿੱਤਾ ਗਿਆ ਹੈ। ਵੜਿੰਗ ਦੇ ਪੱਤਰ ਵਿੱਚ ਫੌਰੀ ਤੌਰ 'ਤੇ ਮੰਗ ਕੀਤੀ ਗਈ ਹੈ ਕਿ ਮਾਨਯੋਗ ਵਿਦੇਸ ਮੰਤਰੀ ਖੋਜ ਕਾਰਜਾਂ ਨੂੰ ਜਾਰੀ ਰੱਖਣ ਨੂੰ ਯਕੀਨੀ ਬਣਾਉਣ ਲਈ ਇਸ ਮਾਮਲੇ ਵਿੱਚ ਦਖਲ ਦੇਣ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਓਮਾਨ ਸਰਕਾਰ ਅਤੇ ਭਾਰਤੀ ਜਲ ਸੈਨਾ ਨਾਲ ਵੱਡੇ ਪੈਮਾਨੇ 'ਤੇ ਖੋਜ ਯਤਨਾਂ ਨੂੰ ਮੁੜ ਸੁਰੂ ਕਰਨ ਦੀ ਲੋੜ 'ਤੇ ਜੋਰ ਦਿੱਤਾ, ਜਿਸ ਦਾ ਉਦੇਸ ਮੁੱਖ ਅਧਿਕਾਰੀ ਰਜਿੰਦਰ ਸਿੰਘ ਸਮੇਤ ਬਾਕੀ ਚਾਲਕ ਦਲ ਦੇ ਮੈਂਬਰਾਂ ਨੂੰ ਬਚਾਉਣ ਦਾ ਟੀਚਾ ਹੈ। ਪੱਤਰ ਵਿਦੇਸਾਂ ਵਿੱਚ ਆਪਣੇ ਨਾਗਰਿਕਾਂ ਦੀ ਸੁਰੱਖਿਆ ਅਤੇ ਭਲਾਈ ਲਈ ਭਾਰਤ ਸਰਕਾਰ ਦੀ ਲੰਬੇ ਸਮੇਂ ਤੋਂ ਵਚਨਬੱਧਤਾ ਨੂੰ ਦਰਸਾਉਂਦਾ ਹੈ। ਵੜਿੰਗ ਨੇ ਇਸ ਕਾਰਜ ਪ੍ਰਤੀ ਸਰਕਾਰ ਦੇ ਸਮਰਪਣ 'ਤੇ ਭਰੋਸਾ ਪ੍ਰਗਟਾਇਆ ਅਤੇ ਇਸ ਦੁਖਾਂਤ ਨੂੰ ਹੱਲ ਕਰਨ ਲਈ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ। ਡਾ.ਐੱਸ. ਜੈਸੰਕਰ ਦੇ ਦੇਸ ਤੋਂ ਗੈਰ-ਹਾਜਰੀ ਕਾਰਨ ਵੜਿੰਗ ਨੇ ਇਹ ਮੰਗ ਪੱਤਰ ਵਿਦੇਸ